ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨਿਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ 'ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਸਕੀਨ ਪਰੇਸ਼ਾਨੀ ਆਦਿ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ 'ਚ ਗੱਲ ਕਰਦੇ ਹਾਂ

*ਭਾਰ ਘੱਟ ਕਰਨ 'ਚ ਮਦਦਗਾਰ*

*ਅਖਰੋਟ ਭਾਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨੀ ਹੈ ਉਨ੍ਹਾਂ ਨੂੰ ਹਰ ਰੋਜ਼ ਇਸ ਦਾ ਸੇਵਨ ਕਰਨਾ ਚਾਹੀਦਾ ਹੈ।*

**ਵਧੀਆ ਨੀਂਦ** - ਜਿੰਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

**ਦਿਲ ਲਈ ਵਧੀਆ** - ਇਸ 'ਚ ਪਾਏ ਜਾਣ ਵਾਲੇ ਐਂਟੀ ਔਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦਾ ਹੈ। ਇਨ੍ਹਾਂ ਦੇ ਸੇਵਨ ਨਾਲ ਦਿਲ ਸੰਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

**ਡਾਇਬਟੀਜ਼** - ਡਾਇਬਟੀਜ਼ ਵਾਲੇ ਲੋਕਾਂ ਨੂੰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਪਾਏ ਜਾਣ ਵਾਲੇ ਪੋਲੀ ਅਨਸੈਚੁਰੇਟਡ ਤੇ ਮੋਨੋ ਵਸਾ ਸਿਹਤ ਲਈ ਵਧੀਆ ਹੁੰਦੇ ਹਨ।

**ਤਣਾਅ ਤੋਂ ਦੂਰ** - ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ ਤੋਂ 5-4 ਲੋਕ ਤਣਾਅ ਦੇ ਸ਼ਿਕਾਰ ਹੁੰਦੇ ਹਨ। ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ। ਇਸ ਲਈ ਇਨ੍ਹਾਂ ਦਾ ਸੇਵਨ ਬਹੁਤ ਜ਼ਰੂਰ ਹੈ।

# ਕੋਸਾ ਪਾਣੀ ਪੀਣ ਦੇ ਫ਼ਾਇਦੇ

ਹਰਮਿੰਦਰ ਸਿੰਘ ਭੱਟ



ਪਾਣੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਦਿਨ 'ਚ ਵੈਸੇ ਤਾਂ 8 ਤੋਂ 10 ਗਲਾਸ ਪਾਣੀ ਕਾਫ਼ੀ ਜ਼ਰੂਰੀ ਹੁੰਦਾ ਹੈ ਪਰ ਜੇ ਇਸ ਦੇ ਨਾਲ ਦਿਨ 'ਚ 3 ਤੋਂ 4 ਵਾਰ ਗਰਮ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ ਤਾਂ ਤੁਹਾਨੂੰ ਕਈ ਬਿਮਾਰੀਆਂ ਤੋਂ ਬਚਾ ਸਕਦਾ ਹੈ। ਇਹ ਸਰੀਰ 'ਚੋਂ ਅਨੇਕਾਂ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਗਰਮ ਪਾਣੀ ਪੀਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਭਾਰ ਘਟਾਉਣ 'ਚ ਕਾਫ਼ੀ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ। ਆਓ ਜਾਣਦੇ ਹਾਂ ਇਸ ਦੇ ਅਣਗਿਣਤ ਫ਼ਾਇਦਿਆਂ ਬਾਰੇ...

## ਮੋਟਾਪਾ ਕਰੇ ਕੰਟਰੋਲ

ਜੇ ਤੁਸੀਂ ਮੋਟਾਪੇ ਤੋਂ ਪਰੇਸ਼ਾਨ ਹੋ ਅਤੇ ਡਾਈਟਿੰਗ ਅਤੇ ਕਸਰਤ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਸਵੇਰੇ ਖ਼ਾਲੀ ਪੇਟ ਕੋਸਾ ਪਾਣੀ ਪੀਣਾ ਸ਼ੁਰੂ ਕਰ ਦਿਓ। ਇਸ ਤੋਂ ਇਲਾਵਾ ਜੇ ਤੁਸੀਂ ਗਰਮ ਪਾਣੀ 'ਚ ਨਿੰਬੂ ਅਤੇ ਸ਼ਹਿਦ ਮਿਲਾ ਕੇ ਪੀਵੋਗੇ ਤਾਂ ਭਾਰ ਘੱਟ ਹੋਣਾ ਸ਼ੁਰੂ ਹੋ ਜਾਵੇਗਾ ਪਰ ਜੇ ਤੁਹਾਨੂੰ ਨਿੰਬੂ ਤੇ ਸ਼ਹਿਦ ਚੰਗਾ ਨਹੀਂ ਲੱਗਦਾ ਤਾਂ ਤੁਸੀਂ 1 ਗਲਾਸ ਸਾਦਾ ਪਾਣੀ ਪੀ ਸਕਦੇ ਹੋ।

## ਕਬਜ਼ ਤੋਂ ਰਾਹਤ

ਕਬਜ਼ ਦੀ ਸਮੱਸਿਆ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਕਬਜ਼ ਦੀ ਪਰੇਸ਼ਾਨੀ ਨੂੰ ਜੜ੍ਹ ਤੋਂ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਕਿ ਰੋਜ਼ਾਨਾ ਖ਼ਾਲੀ ਪੇਟ ਕੋਸਾ ਪਾਣੀ ਪੀਤਾ ਜਾਵੇ।

## ਖ਼ੂਨ ਸਾਫ਼ ਕਰੇ

ਗਰਮ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਪਦਾਰਥ ਪਿਸ਼ਾਬ ਅਤੇ ਪਸੀਨੇ ਰਾਹੀਂ ਬਾਹਰ ਨਿਕਲਦੇ ਹਨ। ਇਸ ਦੇ ਨਾਲ ਇਹ ਖ਼ੂਨ ਦੀ ਸ਼ੁੱਧੀ ਵੀ ਕਰਦਾ ਹੈ।

## ਸਰਦੀ-ਜ਼ੁਕਾਮ ਤੋਂ ਰਾਹਤ

ਜੇ ਬੇਮੌਸਮ ਦੌਰਾਨ ਤੁਹਾਡੀ ਛਾਤੀ 'ਚ ਜਕੜਨ ਅਤੇ ਜ਼ੁਕਾਮ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਗਰਮ ਪਾਣੀ ਪੀਣਾ ਤੁਹਾਡੇ ਲਈ ਰਾਮ ਬਾਣ ਇਲਾਜ ਸਾਬਤ ਹੁੰਦਾ ਹੈ। ਗਰਮ ਪਾਣੀ ਪੀਣ ਨਾਲ ਗਲ਼ਾ ਵੀ ਠੀਕ ਰਹਿੰਦਾ ਹੈ। ਇਸ ਦੀ ਵਰਤੋਂ ਨਾਲ ਆਰਾਮ ਮਿਲਦਾ ਹੈ। ਪੇਟ 'ਚ ਦਰਦ ਦੀ ਸਮੱਸਿਆ ਹੋਣ 'ਤੇ ਗਰਮ ਪਾਣੀ ਪੀਣਾ ਚਾਹੀਦਾ ਹੈ।

## ਸਰੀਰ ਕਰੇ ਡੀਟਾਕਸ

ਗਰਮ ਪਾਣੀ ਪੀਣ ਨਾਲ ਸਰੀਰ ਨੂੰ ਡੀਟਾਕਸ ਕਰਨ 'ਚ ਵੀ ਮਦਦ ਮਿਲਦੀ ਹੈ ਅਤੇ ਇਹ ਸਰੀਰ ਦੀਆਂ ਸਾਰੀਆਂ ਅਸ਼ੁੱਧੀਆਂ ਨੂੰ ਬਹੁਤ ਆਸਾਨੀ ਨਾਲ ਸਾਫ਼ ਕਰ ਦਿੰਦਾ। ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵੱਧਣਾ, ਜਿਸ ਨਾਲ ਪਸੀਨਾ ਆਉਂਦਾ ਹੈ ਅਤੇ ਇਸ ਦੇ ਮਾਧਿਅਮ ਨਾਲ ਸਰੀਰ ਦੀਆਂ ਅਸ਼ੁੱਧੀਆਂ ਦੂਰ ਹੋ ਜਾਂਦੀਆਂ ਹਨ।

## ਹਰ ਵੇਲੇ ਨਜ਼ਰ ਆਓ ਜਵਾਨ

ਗਰਮ ਪਾਣੀ ਪੀਣ ਨਾਲ ਸਿਰਫ਼ ਸਿਹਤ ਨਾਲ ਜੁੜੇ ਹੀ ਨਹੀਂ ਸਗੋਂ ਸੁੰਦਰਤਾ ਨਾਲ ਜੁੜੇ ਕਈ ਫ਼ਾਇਦੇ ਵੀ ਹਨ। ਇਸ ਨਾਲ ਚਮੜੀ 'ਚ ਕਸਾਅ ਆਉਣ ਲੱਗਦਾ ਹੈ ਅਤੇ ਚਮੜੀ ਚਮਕਦਾਰ ਹੋਣ ਲੱਗਦੀ ਹੈ। ਚਿਹਰੇ ਦੀਆਂ ਝੁਰੜੀਆਂ ਹੌਲੀ-ਹੌਲੀ ਗ਼ਾਇਬ ਹੋ ਜਾਂਦੀਆਂ ਹਨ।

## ਵਾਲ਼ਾਂ ਲਈ ਫ਼ਾਇਦੇਮੰਦ

ਗਰਮ ਪਾਣੀ ਦੀ ਵਰਤੋਂ ਵਾਲ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਵਾਲ਼ ਚਮਕਦਾਰ ਹੁੰਦੇ ਹਨ ਅਤੇ ਇਨ੍ਹਾਂ ਦੀ ਗ੍ਰੋਥ ਵੀ ਤੇਜ਼ੀ ਨਾਲ ਵਧਦੀ ਹੈ।

## ਐਨਰਜੀ ਵਧਾਓ

ਡ੍ਰਿੰਕ ਪੀਣ ਦੀ ਥਾਂ ਜੇ ਤੁਸੀਂ ਕੋਸਾ ਪਾਣੀ ਜਾਂ ਨਿੰਬੂ ਪਾਣੀ ਪੀਵੋਗੇ ਤਾਂ ਤੁਹਾਡਾ ਐਨਰਜੀ ਲੈਵਲ ਵਧੇਗਾ ਅਤੇ ਪਾਚਨ ਸ਼ਕਤੀ ਵੀ ਸਹੀ ਰਹੇਗਾ। 09914062205


# ਬੱਚਿਆਂ ਦੇ ਖਾਣ-ਪੀਣ ਤੇ ਪੇਟ ਦੇ ਕੀੜਿਆਂ ਤੋਂ ਰਹੋ ਸਾਵਧਾਨ

ਮਲਕੀਤ ਕੌਰ

ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਹਰ ਮਾਂ-ਬਾਪ ਦਾ ਫ਼ਰਜ਼ ਹੁੰਦਾ ਹੈ ਤਾਂ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ ਭਾਵ ਅਰੋਗੀ ਤੇ ਰਿਸ਼ਟ-ਪੁਸ਼ਟ ਬਣੇ ਰਹਿਣ। ਬੱਚਿਆਂ ਨੂੰ ਕਈ ਤਰ੍ਹਾਂ ਬਿਮਾਰੀਆਂ ਤੋਂ ਬਚਾਉਣ ਲਈ ਹੋਰ ਵੀ ਕਾਫ਼ੀ ਕੁੱਝ ਜ਼ਰੂਰੀ ਹੈ ਜਿਵੇਂ ਕਿ ਸਮੇਂ ਸਿਰ ਬੱਚਿਆਂ ਦਾ ਸੰਪੂਰਣ ਟੀਕਾਕਰਣ ਕਰਵਾਉਣਾ ਤਾਂ ਜੋ ਫੁੱਲਾਂ ਤੋਂ ਵੀ ਵੱਧ ਕੋਮਲ ਬੱਚੇ ਹਮੇਸ਼ਾ ਆਪਣੀ ਖ਼ੁਸ਼ਬੂ ਬਖੇਰਦੇ ਰਹਿਣ ਤੇ ਨਾਲ ਹੀ ਮਾਰੂ ਛੂਤ ਰੋਗਾਂ ਦੇ ਹਮਲੇ ਤੋਂ ਵੀ ਸਦਾ-ਸਦਾ ਲਈ ਬਚੇ ਰਹਿਣ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਕਿਸੇ ਵੀ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ ਉੱਥੋਂ ਦੇ ਨਾਗਰਿਕ ਚੰਗੀ ਸਿਹਤ ਦੇ ਮਾਲਕ ਹੋਣ। ਚੰਗੀ ਸਿਹਤ ਤੋਂ ਭਾਵ ਹੈ ਸਰੀਰਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਤੰਦਰੁਸਤ ਹੋਣਾ। ਆਮ ਤੌਰ 'ਤੇ ਮਾਂ-ਬਾਪ ਬੱਚਿਆਂ ਦੇ ਖਾਣ-ਪੀਣ ਬਾਰੇ ਲੋੜ ਤੋਂ ਵੀ ਵੱਧ ਫਿਕਰਮੰਦ ਹੁੰਦੇ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਖਾਣ-ਪੀਣ ਬਾਰੇ ਸੁਚੱਜੀਆਂ ਆਦਤਾਂ ਬੱਚਿਆਂ 'ਚ ਇਕਦਮ ਵਿਕਸਿਤ ਨਹੀਂ ਹੁੰਦੀਆਂ ਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਸ ਬਾਰੇ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸ ਲਈ ਜ਼ਰੂਰੀ ਹੈ ਕਿ ਪਰਿਵਾਰ ਦੇ ਸਾਰੇ ਮੈਂਬਰ ਸੰਤੁਲਿਤ ਭੋਜਨ ਖਾਣ। ਸੰਤੁਲਿਤ ਖ਼ੁਰਾਕ ਅਜਿਹੀ ਖ਼ੁਰਾਕ ਹੈ ਜਿਸ 'ਚ ਸਰੀਰ ਲਈ ਲੋੜੀਂਦੀ ਤਾਕਤ ਭਾਵ ਪੌਸ਼ਟਿਕ ਤੱਤ ਜਿਵੇਂ ਕਿ ਕਾਰਬੋਜ਼, ਪ੍ਰੋਟੀਨ, ਫੈਟ, ਵਿਟਾਮਿਨ ਤੇ ਖਣਿਜ ਪਦਾਰਥ ਸਹੀ ਮਾਤਰਾ 'ਚ ਪਾਏ ਜਾਂਦੇ ਹਨ। ਭੋਜਨ 'ਚ ਅਨਾਜ, ਦਾਲਾਂ, ਸਬਜ਼ੀਆਂ, ਦੁੱਧ, ਦਹੀਂ, ਲੱਸੀ, ਘਿਓ, ਸ਼ੱਕਰ ਆਦਿ ਵਰਤੋਂ ਨਾਲ ਭੋਜਨ ਨੂੰ ਪੌਸ਼ਟਿਕ ਬਣਾਇਆ ਜਾ ਸਕਦਾ ਹੈ। ਕਈ ਬੱਚੇ ਮੈਗੀ, ਨੂਡਲਜ਼, ਬਰਗਰ, ਪਿਜ਼ਾ ਆਦਿ ਖਾਣ ਦੇ ਸ਼ੌਕੀਨ ਹੁੰਦੇ ਹਨ ਤੇ ਘਰ ਦਾ ਖਾਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਇਨ੍ਹਾਂ ਭੋਜਨ ਪਦਾਰਥਾਂ 'ਚ ਕਾਰਬੋਜ਼ ਦੀ ਮਾਤਰਾ ਜ਼ਿਆਦਾ ਹੁੰਦੀ ਤੇ ਪ੍ਰੋਟੀਨ ਦੀ ਮਾਤਰਾ ਬਹੁਤ ਹੀ ਘੱਟ ਜਾਂ ਨਾ ਮਾਤਰ ਹੁੰਦੀ ਹੈ। ਜਿਸ ਕਰਕੇ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਹੀ ਬੱਚਿਆਂ 'ਚ ਫੌਲਿਕ ਐਸਿਡ, ਲੋਹ ਤੱਤ, ਕੈਲਸ਼ੀਅਮ ਤੇ ਵਿਟਾਮਿਨ ਬੀ ਵਰ ਤੱਤਾਂ ਘਾਟ ਹੁੰਦੀ ਹੈ। ਭਵਿੱਖ 'ਚ ਇਨ੍ਹਾਂ ਤੱਤਾਂ ਦੀ ਘਾਟ ਦਾ ਨਤੀਜਾ ਕਾਫ਼ੀ ਬੁਰਾ ਸਾਬਤ ਹੁੰਦਾ ਹੈ।

- ਛੋਟੇ ਬੱਚਿਆਂ ਦੇ ਪੇਟ 'ਚ ਕੀੜੇ ਪੈਣੇ ਜਾਂ ਪੈਦਾ ਹੋ ਜਾਣ ਇਕ ਮਾਰੂ ਅਲਾਮਤ ਹੀ ਨਹੀਂ ਸਗੋਂ ਇਕ ਬਿਮਾਰੀ ਹੈ। ਇਸ ਤਰ੍ਹਾਂ ਦੀ ਬਿਮਾਰੀ ਤੋਂ ਬੱਚਿਆਂ ਨੂੰ ਬਚਾਇਆ ਜਾਵੇ। ਜੇ ਬੱਚਿਆਂ ਦੇ ਹੋਣ ਤੋਂ ਇਲਾਵਾ ਕੁਪੋਸ਼ਣ ਦਾ ਸ਼ਿਕਾਰ ਵੀ ਹੋ ਸਕਦੇ ਹਨ। ਜਿਸ ਕਰਕੇ ਹੋਰ ਕਈ ਤਰ੍ਹਾਂ ਦੀਆਂ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੇਟ 'ਚ ਦਰਦ, ਉਲਟੀਆਂ ਆਉਣੀਆਂ, ਸਿਰ ਚਕਰਾਉਣਾ ਆਦਿ। ਜਿਹੜੇ ਬੱਚੇ ਦੇ ਪੇਟ 'ਚ ਕੀੜਿਆਂ ਦੀ ਲਾਗ ਹੋਵੇ, ਉਨ੍ਹਾਂ ਦੇ ਪਖਾਨੇ 'ਚ ਇਨ੍ਹਾਂ ਦੇ ਜਗਸੀਮਾ ਦੇ ਆਂਡੇ ਹੁੰਦੇ ਹਨ। ਜਦੋਂ ਅਜਿਹੇ ਬੱਚੇ ਇੱਧਰ-ਉੱਧਰ ਟੱਟੀ ਬੈਠਦੇ ਹਨ ਤਾਂ ਇਹ ਆਂਡੇ ਮਿੱਟੀ 'ਚ ਰਲ ਕੇ ਆਪਣੀ ਹੋਰ ਭਰਮਾਰ ਵਧਾ ਲੈਂਦੇ ਹਨ। ਕਈ ਬੱਚੇ ਨੰਗੇ ਪੈਰੀ ਤੁਰਦੇ ਫਿਰਦੇ ਜਾਂ ਫਿਰ ਗੰਦੇ ਹੱਥਾਂ ਨਾਲ ਰੋਟੀ ਖਾ ਕੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਾਗ ਨਾਲ ਗ੍ਰਸਤ ਬੱਚਿਆਂ ਦੇ ਪੇਟ ਦੇ ਕੀੜੇ ਜਾਂ ਕੀੜਿਆਂ ਦੇ ਆਂਡੇ ਮੌਜੂਦ ਰਹਿੰਦੇ ਹਨ। ਜੇ ਪੇਟ ਦੇ ਕੀੜਿਆਂ ਦੀ ਲਾਗ ਵਾਲੇ ਬੱਚਿਆਂ ਨੂੰ ਕੀੜੇ ਮਾਰਨ ਵਾਲੀ ਦਵਾਈ ਦਿੱਤੀ ਜਾਵੇ ਤਾਂ ਖ਼ੂਨ ਦੀ ਘਾਟ 'ਚ ਸੁਧਾਰ ਹੀ ਨਹੀਂ ਹੁੰਦਾ ਸਗੋਂ ਅਜਿਹੀ ਘਾਟ ਦੂਰ ਹੋ ਜਾਂਦੀ ਹੈ।
- ਬੱਚਿਆਂ 'ਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵੀ ਆਪਣੇ ਆਪ ਵੱਧ ਜਾਂਦੀ ਹੈ। ਉਨ੍ਹਾਂ ਦਾ ਸਰੀਰਕ ਵਾਧਾ, ਵਿਕਾਸ ਹੋਣ ਦੇ ਨਾਲ-ਨਾਲ ਬੌਧਿਕ ਤੇ ਭਾਵਨਾਤਮਕ ਵਿਕਾਸ ਵੀ ਹੁੰਦਾ ਹੈ। ਅਜਿਹੇ ਬੱਚਿਆਂ ਦੀ ਸਿੱਖਣ ਤੇ ਯਾਦ ਕਰਨ ਦੀ ਸਮਰਥਾ ਵੀ ਵੱਧ ਜਾਂਦੀ ਹੈ।
- ਸਿਰਫ਼ ਇਹ ਹੀ ਨਹੀਂ ਸਾਰੇ ਬੱਚਿਆਂ ਭਾਵ ਪੂਰੇ ਪਿੰਡ, ਨਗਰੀ ਜਾਂ ਫਿਰ ਸ਼ਹਿਰ ਦੇ ਕੀ ਪੂਰੇ ਸਮਾਜ ਦੇ ਬੱਚੇ ਪੇਟ ਦੇ ਕੀੜਿਆਂ ਕਾਰਨ ਹੋਣ ਵਾਲੀਆਂ ਅਲਾਮਤਾਂ ਤੋਂ ਸਦਾ-ਸਦਾ ਲਈ ਬਚੇ ਰਹਿੰਦੇ ਹਨ ਕਿਉਂਕਿ ਵਾਤਾਵਰਨ ਭਾਵ ਸਾਡੇ ਚੌਗਿਰਦੇ ਆਲੇ-ਦੁਆਲੇ 'ਚ ਪੇਟ ਦੇ ਕੀੜੇ ਮਾਰੂ ਦਵਾਈ 'ਅਲਬੈਂਡਾਜੋਲ', ਦੀ ਬਦੌਲਤ ਪੇਟ ਦੇ ਕੀੜਿਆਂ ਦੇ ਜਗਸੀਮਾ ਦੀ ਕਮੀ ਆ ਜਾਂਦੀ ਹੈ।
- ਕੋਈ ਬੱਚਾ ਪੇਟ ਦੇ ਕੀੜਿਆਂ ਦਾ ਸ਼ਿਕਾਰ ਨਾ ਹੋਵੇ ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਸਮੇਤ ਕਿਸੇ ਨੂੰ ਵੀ ਖੁੱਲ੍ਹੀਆਂ ਥਾਵਾਂ 'ਤੇ ਪਖ਼ਾਨਾ ਨਹੀਂ ਕਰਨਾ ਚਾਹੀਦਾ। ਆਪਣੇ ਹੱਥਾਂ ਤੇ ਨਹੁੰਆਂ ਦੀ ਸਾਫ਼-ਸਫ਼ਾਈ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ।
- ਨੰਗੇ ਪੈਰੀ ਕਦੀ ਨਹੀਂ ਰੱਖਣੇ ਚਾਹੀਦੇ।
- ਹਮੇਸ਼ਾ ਪੀਣ ਵਾਲਾ ਪਾਣੀ ਸਾਫ਼ ਹੋਣਾ ਚਾਹੀਦਾ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਵਰਤਿਆ ਜਾਵੇ।
- ਹਰ ਕਿਸੇ ਨੂੰ ਆਪਣੀ ਨਿੱਜੀ ਤੇ ਆਲੇ-ਦੁਆਲੇ ਦੀ ਸਫ਼ਾਈ ਰੱਖਣੀ ਚਾਹੀਦੀ ਹੈ। ਜੇ ਫਿਰ ਵੀ ਕਿਸੇ ਬੱਚੇ ਨੂੰ ਕੋਈ ਗੰਭੀਰ ਲੱਛਣ ਖ਼ਤਰੇ ਦੇ ਚਿਨ੍ਹ ਦਿਖਾਈ ਦੇਣ ਤਾਂ ਨੇੜੇ ਦੇ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਬੱਚਿਆਂ ਨੂੰ ਭੋਜਨ ਸਹੀ ਸਮੇਂ 'ਤੇ ਸੁਖਾਵੇਂ ਵਾਤਾਵਰਨ 'ਚ ਪਰੋਸਣਾ ਚਾਹੀਦਾ ਹੈ। ਦਾਲ, ਰੋਟੀ, ਸਬਜ਼ੀ ਤੇ ਦਹੀਂ ਬਹੁਤ ਹੀ ਸੰਪੂਰਨ ਭੋਜਨ ਹੈ। ਭੁੱਖ ਸਮੇਂ ਬੱਚਾ ਇਹ ਭੋਜਨ ਸੁਆਦ ਨਾਲ ਖਾਂਦਾ ਹੈ।
- ਜੇ ਬੱਚਾ ਕੋਈ ਖ਼ਾਸ ਕਿਸਮ ਦਾ ਭੋਜਨ ਨਹੀਂ ਖਾਂਦਾ ਤਾਂ ਉਸ ਲਈ ਉਸ ਨੂੰ ਝਿੜਕੋ ਨਾ ਤੇ ਨਾ ਹੀ ਕਿਸੇ ਦਾ ਲਾਲਚ ਦਿਓ।
- ਆਮ ਤੌਰ 'ਤੇ ਬੱਚੇ ਮੌਸਮੀ ਸਬਜ਼ੀਆਂ ਸ਼ੌਕ ਨਾਲ ਨਹੀਂ ਖਾਂਦੇ, ਇਸ 'ਚ ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ, ਮੇਥੀ ਆਦਿ ਆਟੇ 'ਚ ਗੁੰਨ੍ਹ ਕੇ ਰੋਟੀ ਜਾਂ ਪਰੌਠੀ ਦੇ ਰੂਪ 'ਚ ਬੱਚੇ ਨੂੰ ਖੁਆਈ ਜਾ ਸਕਦੀ ਹੈ। ਮਿੱਸੀ ਰੋਟੀ, ਮੱਕੀ ਦੀ ਰੋਟੀ, ਜਵਾਰ, ਬਾਜਰੇ ਦੀ ਰੋਟੀ ਆਦਿ ਦਾ ਸੇਵਨ ਸਿਹਤ ਲਈ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨਾਲ ਖਾਣੇ 'ਚ ਬੱਚੇ ਦੀ ਰੁਚੀ ਵੀ ਵੱਧ ਜਾਂਦੀ ਹੈ।
- ਤਾਜ਼ੇ ਫਲਾਂ ਦੀ ਚਾਟ ਬੱਚੇ ਸ਼ੌਕ ਨਾਲ ਖਾ ਲੈਂਦੇ ਹਨ। ਇਸੇ ਚਾਟ 'ਚ ਥੋੜ੍ਹੀ ਜਿਹੀ ਪੁੰਗਰੀ ਦਾਲ ਮਿਲਾ ਕੇ ਇਸ ਦੀ ਪੌਸ਼ਟਿਕਤਾ ਵਧਾਈ ਜਾ ਸਕਦੀ ਹੈ।
- ਦਿਨ ਵੇਲੇ ਖਾਣੇ ਤੋਂ ਬਾਅਦ ਬੱਚੇ ਨੂੰ ਦੁੱਧ, ਫਲ, ਪਿੰਨੀ, ਸੋਇਆਬੀਨ ਦੇ ਆਟੇ ਤੇ ਮੇਥੀ ਵਾਲੀ ਮੱਠੀ, ਸ਼ੱਕਰ ਪਾ ਕੇ ਭੁੱਜੇ ਹੋਏ ਜਾਣੇ ਆਦਿ ਦਿੱਤੇ ਜਾ ਸਕਦੇ ਹਨ।
- ਬੱਚੇ ਦੀ ਭੁੱਖ ਹਮੇਸ਼ਾ ਇਕੋ ਜਿਹੀ ਨਹੀਂ ਹੁੰਦੀ, ਜੇ ਉਨ੍ਹਾਂ ਨੂੰ ਕਿਸੇ ਸਮੇਂ ਭੁੱਖ ਘੱਟ ਲੱਗਦੀ ਹੈ ਤਾਂ ਉਨ੍ਹਾਂ ਨੂੰ ਧੱਕੇ ਨਾਲ ਨਾ ਖਵਾਓ।
- ਬੱਚੇ ਨੂੰ ਕਦੀ ਵੀ ਟੀਵੀ ਅੱਗੇ ਬਿਠਾ ਕੇ ਖਾਣਾ ਨਾ ਪਰੋਸੋ ਕਿਉਂਕਿ ਉਸ ਸਮੇਂ ਬੱਚੇ ਦਾ ਧਿਆਨ ਖਾਣੇ ਵੱਲ ਘੱਟ ਤੇ ਟੀਵੀ ਵੱਲ ਜ਼ਿਆਦਾ ਹੁੰਦਾ ਹੈ।
- ਬੱਚਿਆਂ ਨੂੰ ਖਾਣਾ ਬਹੁਤ ਹੀ ਵਧੀਆ ਤਰੀਕੇ ਨਾਲ ਪਰੋਸੋ ਜਿਵੇਂ ਸਲਾਦ, ਜੈਮ, ਚਟਨੀ ਤੇ ਧਨੀਏ ਦੀਆਂ ਪੱਤੀਆਂ ਆਦਿ ਨਾਲ। ਇਸ ਤਰ੍ਹਾਂ ਹਰੀਆਂ ਸਬਜ਼ੀਆਂ ਨਾਲ ਸਜਾਇਆ ਖਾਣਾ ਵੇਖ ਕੇ ਬੱਚੇ ਦਾ ਦਿਲ ਅੰਦਰੋਂ ਖ਼ੁਸ਼ ਹੋਵੇਗਾ ਤੇ ਖਾਣਾ ਖਾਣ ਨੂੰ ਜੀ ਕਰੇਗਾ।
- ਬੱਚਿਆਂ ਦੀ ਸੀਮਤ ਪਸੰਦ ਦਾ ਭੋਜਨ ਰੋਜ਼ ਨਹੀਂ ਬਣਾਉਣਾ ਚਾਹੀਦਾ ਜਿਵੇਂ ਕਿ ਹਰ ਰੋਜ਼ ਡਬਲਰੋਟੀ ਤੇ ਮੈਦੇ ਨਾਲ ਸਬੰਧਤ ਭੋਜਨ। ਪੌਸ਼ਟਿਕ ਪੱਖ ਨੂੰ ਧਿਆਨ 'ਚ ਰੱਖਦੇ ਹੋਏ ਖਾਣੇ 'ਚ ਵੰਨ-ਸੁਵੰਨਤਾ ਲਿਆਉਣੀ ਚਾਹੀਦੀ ਹੈ।
- ਮਾਂ ਬਾਪ ਨੂੰ ਵੀ ਇਸ ਸਬੰਧੀ ਇਕਸਾਰਤਾ ਰੱਖਣ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਮਾਂ ਬੱਚੇ ਨੂੰ ਘਰੇ ਬਣਾਇਆ ਪੌਸ਼ਟਿਕ ਖਾਣ ਲਈ ਕਹੇ ਤੇ ਪਿਤਾ ਬੱਚਿਆਂ ਨੂੰ ਆਈਸਕ੍ਰੀਮ ਤੇ ਚੌਕਲੇਟ ਖਵਾ ਕੇ ਖ਼ੁਸ਼ ਕਰੇ। ਆਸ ਹੈ ਕਿ ਮਾਂ-ਬਾਪ ਇਨ੍ਹਾਂ ਨੁਕਤਿਆਂ ਨੂੰ ਆਪਣਾ ਕੇ ਬੱਚਿਆਂ 'ਚ ਖਾਣ-ਪੀਣ ਦੀਆਂ ਸੁਚੱਜੀਆਂ ਆਦਤਾਂ ਦਾ ਵਿਕਾਸ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਉਜਲਾ ਕਰਨ 'ਚ ਕਾਮਯਾਬ ਹੋਣਗੇ।

98147-88385



### *ਪਰਹੇਜ਼*

*ਬੱਚਿਆਂ ਨੂੰ ਹਮੇਸ਼ਾ ਤਲੀਆਂ ਚੀਜ਼ਾਂ, ਫਾਸਟ ਫੂਡ, ਗੰਦੇ ਹੱਥਾਂ ਨਾਲ ਭੋਜਨ ਕਰਨਾ ਆਦਿ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਬੱਚਿਆਂ ਦੇ ਮਾਂ-ਬਾਪ ਨੂੰ ਚਾਹੀਦਾ ਕਿ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਤੋਂ ਦੂਰ ਰੱਖਣ। ਜਦੋਂ ਬੱਚੇ ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਦੰਦਾਂ ਖ਼ਰਾਬ ਹੋਣਾ, ਪੇਟ ਦੇ ਕੀੜੇ ਆਦਿ।*




# ਕਈ ਰੋਗਾਂ ਦੀ ਦਵਾਈ ਅਦਰਕ

ਬਦਲ ਰਹੇ ਮੌਸਮ 'ਚ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਗਲ਼ਾ ਖ਼ਰਾਬ ਹੋਣਾ, ਬਲਗਮ, ਕਬਜ਼, ਅਫਾਰਾ, ਗਠੀਆ ਆਦਿ ਰੋਗਾਂ ਲਈ ਅਦਰਕ ਬਹੁਤ ਗੁਣਕਾਰੀ ਹੈ। ਅਦਰਕ ਇਕ ਪੌਦੇ ਦੀ ਜੜ੍ਹ ਹੈ। ਇਹ ਪੌਦਾ ਦੋ ਕੁ ਫੁੱਟ ਉੱਚਾ ਹੁੰਦਾ ਹੈ। ਅਦਰਕ ਨੂੰ ਜੇ ਸੁਕਾਅ ਕੇ ਰੱਖੀਏ ਤਾਂ ਇਹ ਸੌਂਠ ਕਹਾਉਂਦਾ ਹੈ। ਅਦਰਕ ਭੋਜਨ ਨੂੰ ਪਚਾਉਂਦਾ ਹੈ, ਬਲਗਮ ਨੂੰ ਦੂਰ ਕਰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਦਾਲ-ਸਬਜ਼ੀ ਤੋਂ ਇਲਾਵਾ ਇਸ ਨੂੰ ਚਾਹ ਆਦਿ ਵਿਚ ਵੀ ਪਾ ਕੇ ਖਾਦਾ ਜਾ ਸਕਦਾ ਹੈ। ਇਸ ਦਾ ਆਚਾਰ ਵੀ ਪੇਟ ਲਈ ਬਹੁਤ ਗੁਣਕਾਰੀ ਹੈ।

### ਗੁਣ

- ਜੇ ਗਲ਼ਾ ਖ਼ਰਾਬ ਹੋਵੇ ਤਾਂ ਨਮਕ ਲਗਾ ਕੇ ਅਦਰਕ ਖਾਣ ਨਾਲ ਗਲ਼ਾ ਠੀਕ ਹੋ ਜਾਂਦਾ ਹੈ। ਕਈ ਵਾਰ ਬੁਖ਼ਾਰ ਜਾਂ ਜ਼ੁਕਾਮ ਹੋ ਜਾਂਦਾ ਹੈ ਤਾਂ ਅਦਰਕ ਵਾਲੀ ਚਾਹ ਪੀ ਸਕਦੇ ਹੋ।
- ਬਲਗਮ, ਖਾਂਸੀ ਅਤੇ ਸਾਹ ਦੇ ਰੋਗੀ ਨੂੰ ਜੇ 10 ਗ੍ਰਾਮ ਅਦਰਕ ਦਾ ਰਸ, ਦੋ ਤੋਲੇ ਸ਼ਹਿਦ ਆਦਿ ਵਿਚ ਮਿਲਾ ਕੇ ਦਿਨ ਵਿਚ ਦੋ ਤੋਂ ਤਿੰਨ ਵਾਰ ਖਾਣ ਨਾਲ ਰੋਗੀ ਠੀਕ ਮਹਿਸੂਸ ਕਰਦਾ ਹੈ।
- ਕਬਜ਼ ਅਤੇ ਅਫਾਰਾ ਲਈ ਅਦਰਕ ਦੇ ਛੋਟੇ-ਛੋਟੇ ਟੁਕੜੇ ਕੱਟ ਕੇ, ਇਨ੍ਹਾਂ ਉੱਪਰ ਨਮਕ ਆਦਿ ਪਾ ਕੇ ਕੁੱਝ ਦਿਨਾਂ ਲਈ ਸੁੱਕਣ ਵਾਸਤੇ ਛੱਡ ਦਿਓ, ਫਿਰ ਨਿਯਮਿਤ ਸੇਵਨ ਕਰਨ ਨਾਲ ਕਬਜ਼ ਦੂਰ ਹੋਵੇਗੀ ਅਤੇ ਭੁੱਖ ਖੁੱਲ੍ਹ ਜਾਵੇਗੀ।
- ਕੰਨ ਆਦਿ ਵਿਚ ਕਿਸੇ ਤਰ੍ਹਾਂ ਦਾ ਵੀ ਦਰਦ ਹੋਵੇ ਤਾਂ ਅਦਰਕ ਅਤੇ ਲਸਣ ਦੇ ਰਸ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਤੇਲ ਵਿਚ ਤਲ਼ ਕੇ ਨਿਯਮਿਤ ਰੂਪ ਵਿਚ ਕੰਨ ਵਿਚ ਪਾਉਣ ਨਾਲ ਦਰਦ ਤੋਂ ਰਾਹਤ ਮਿਲੇਗੀ।



*ਆਇਰਨ, ਕੈਲਸ਼ੀਅਮ, ਵਿਟਾਮਿਨ ਆਦਿ ਨਾਲ ਭਰਪੂਰ ਅਦਰਕ। ਇਸ ਦੇ ਰਸ ਦਾ ਇਸਤੇਮਾਲ ਕਰਨ ਨਾਲ ਦਿਲ ਦੀਆਂ ਕਈ ਬਿਮਾਰੀਆਂ ਤੋਂ ਰਾਹਤ ਪਾਈ ਜਾ ਸਕਦੀ ਹੈ ਤੇ ਇਹ ਕੋਲੈਸਟ੍ਰੋਲ ਨੂੰ ਵੀ ਕੰਟਰੋਲ ਕਰਦਾ ਹੈ। ਇਸ ਦੇ ਸੇਵਨ ਨਾਲ ਚਿਹਰੇ 'ਤੇ ਵੀ ਨਿਖ਼ਾਰ ਆਉਂਦਾ ਹੈ। ਅਦਰਕ ਸਿਹਤ ਲਈ ਬਹੁਤ ਲਾਭਕਾਰੀ ਹੈ।*

# ਕਿਉਂ ਪੈਂਦੀ ਹੈ ਡਾਇਲਸਿਸ ਦੀ ਜ਼ਰੂਰਤ

ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਸਰੀਰ ਦੇ ਵਾਧੂ ਪਦਾਰਥ ਬਾਹਰ ਨਹੀਂ ਨਿਕਲ ਪਾਉਂਦੇ ਜਿਸ ਕਾਰਨ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਮਸ਼ੀਨਾਂ ਸਹਾਰੇ ਖ਼ੂਨ ਸਾਫ਼ ਕਰਨ ਦੀ ਪ੍ਰਕਿਰਿਆ ਨੂੰ ਡਾਇਲਸਿਸ ਕਿਹਾ ਜਾਂਦਾ ਹੈ। ਖ਼ੂਨ ਨੂੰ ਬਾਹਰ ਕੱਢਿਆ ਜਾਂਦਾ ਹੈ ਤੇ ਬਾਅਦ 'ਚ ਫਿਰ ਉਸ ਨੂੰ ਵਾਪਿਸ ਅੰਦਰ ਪਾਇਆ ਜਾਂਦਾ ਹੈ।

## ਕਿੰਨੇ ਪ੍ਰਕਾਰ ਦੇ ਡਾਇਲਸਿਸ

*ਡਾਇਲਸਿਸ ਦੋ ਪ੍ਰਕਾਰ ਦੇ ਹੁੰਦੇ ਹਨ*

**ਹੀਮੋਡਾਇਲਸਿਸ** : ਇਸ 'ਚ ਵਿਸ਼ੇਸ਼ ਪ੍ਰਕਾਰ ਦੀਆਂ ਮਸ਼ੀਨਾਂ ਦੁਆਰਾ ਇਕ ਵਾਰ 'ਚ 250 'ਚ 300 ਮਿ.ਲੀ ਖ਼ੂਨ ਬਾਹਰ ਕੱਢ ਕੇ ਸ਼ੁੱਧ ਕੀਤਾ ਜਾਂਦਾ ਹੈ ਤੇ ਫਿਰ ਸਰੀਰ 'ਚ ਵਾਪਸ ਪਾਇਆ ਜਾਂਦਾ ਹੈ। ਇਹ ਪ੍ਰਕਿਰਿਆ ਸਿਰਫ਼ ਹਸਪਤਾਲ 'ਚ ਹੀ ਕੀਤੀ ਜਾਂਦੀ ਹੈ।

### ਕਦੋਂ ਜ਼ਰੂਰਤ ਪੈਂਦੀ ਹੈ

*ਕਰੌਨਿਕ ਰੀਨਲ ਡਿਜ਼ੀਜ ਜਾਂ ਕੌਨਿਕ ਕਿਡਨੀ ਡਿਜ਼ੀਜ ਕਾਰਨ ਕਰੈਟਿਨਿਨ ਕਲੀਅਰੈਂਸ ਰੇਟ 15 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਹੋ ਜਾਵੇ ਤਾਂ ਡਾਇਲਸਿਸ ਕਰਨਾ ਪੈਂਦਾ ਹੈ। ਕਿਡਨੀ ਦੀ ਸਮੱਸਿਆ ਕਾਰਨ ਸਰੀਰ 'ਚ ਪਾਣੀ ਇਕੱਠਾ ਹੋਣ ਲੱਗੇ ਭਾਵ 'ਫਲੂਡਡ ਔਵਰਲੋਡ' ਦੀ ਸਮੱਸਿਆ ਹੋ ਜਾਵੇ ਤਾਂ ਪਹਿਲਾਂ ਦਵਾਈ ਦੇ ਕੇ ਦੇਖੀ ਜਾਂਦੀ ਹੈ। ਫ਼ਇਦਾ ਨਾ ਮਿਲਣ 'ਤੇ ਡਾਇਲਸਿਸ ਕਰਨਾ ਪੈਂਦਾ ਹੈ। ਜੇ ਸਰੀਰ 'ਚ ਪੋਟੈਸ਼ੀਅਮ ਦੀ ਮਾਤਰਾ ਵੱਧ ਜਾਵੇ ਤੇ ਦਿਲ ਦੀ ਧੜਕਣ 'ਚ ਪਰੇਸ਼ਾਨੀ ਆਵੇ ਤਾਂ ਵੱਖਰੀ-ਵੱਖਰੀ ਦਵਾਈ ਦਿੱਤੀ ਜਾਂਦੀ ਹੈ। ਦਵਾਈਆਂ ਦਾ ਅਸਰ ਨਾ ਦਿਖਾਈ ਦੇਵੇ ਤਾਂ ਡਾਇਲਸਿਸ ਮਾਹਿਰ ਦੀ ਸਲਾਹ ਲਈ ਜਾਂਦੀ ਹੈ।*



### *ਕਿਡਨੀ ਡਾਇਲਸਿਸ*

*ਕਈ ਵਾਰ ਸਾਡੇ ਦਿਮਾਗ਼ 'ਚ ਆਉਂਦਾ ਹੈ ਕਿ ਡਾਇਲਸਿਸ ਦੀ ਜ਼ਰੂਰਤ ਕਿਉਂ ਪੈਂਦੀ ਹੈ। ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਉਸ ਸਮੇਂ ਡਾਇਲਸਿਸ ਕੀਤਾ ਜਾਂਦਾ ਹੈ। ਕਿਡਨੀ ਦੀ ਸ਼ਕਤੀ 80- ਤੋਂ 90 ਫ਼ੀਸਦੀ ਘੱਟ ਜਾਂਦੀ ਹੈ ਤਾਂ ਪਿਸ਼ਾਬ ਬਾਹਰ ਨਹੀ ਨਿਕਲ ਪਾਉਂਦਾ ਤੇ ਅੰਦਰ ਹੀ ਜਮ੍ਹ ਹੁੰਦਾ ਰਹਿੰਦਾ ਹੈ। ਜਿਸ ਕਰਕੇ ਥਕਾਵਟ, ਸੋਜ, ਉਲਟੀਆਂ, ਸਾਹ ਫੁਲਣਾ , ਖ਼ੂਨ ਦੀ ਘਾਟ , ਹੱਥ ਪੈਰ ਸੌਣੇ, ਸਰੀਰ ਕਮਜ਼ੋਰ ਹੋ ਜਾਣਾ ਆਦਿ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਡਾਇਲਸਿਸ ਦੀ ਜ਼ਰੂਰਤ ਪੈਂਦੀ ਹੈ।*

**ਪੈਰਟੋਨੀਅਲ ਡਾਇਲਸਿਸ** : ਇਸ ਡਾਇਲਸਿਸ 'ਚ ਰੋਗੀ ਦੀ ਧੁੰਨੀ ਦੇ ਥੱਲੇ ਆਪਰੇਸ਼ਨ ਦੇ ਮਾਧਿਅਮ ਨਾਲ ਇਕ ਨਾਲੀ ਲਗਾਈ ਜਾਂਦੀ ਹੈ। ਪੇਟ ਦੇ ਅੰਦਰ ਝਿਲੀ ਡਾਇਲਾਈਜਰ ਦਾ ਕੰਮ ਕਰਦੀ ਹੈ ਜੋ ਪੀ.ਡੀ ਫਲੂਡਡ ਦੇ ਵਧੀਆ ਪਦਾਰਥਾਂ ਨੂੰ ਸਰੀਰ 'ਚ ਦਾਖ਼ਲ ਕਰਦੀ ਹੈ ਤੇ ਖ਼ੂਨ 'ਚ ਮੌਜੂਦ ਵਾਧੂ ਪਦਾਰਥਾਂ ਨੂੰ ਬਾਹਰ ਕੱਢਦੀ ਹੈ।

ਇਸ ਨੂੰ ਤਰਲ ਪੇਟ 'ਚ 5-6 ਘੰਟੇ ਤਕ ਰੱਖਣਾ ਪੈਂਦਾ ਹੈ। ਇਸ ਤੋਂ ਬਾਅਦ ਨਾਲੀ ਜ਼ਰੀਏ ਪੀ.ਡੀ ਫਲੂਡਡ ਨੂੰ ਬਾਹਰ ਕੱਢਿਆ ਜਾਂਦਾ ਹੈ। ਇਸ ਪਰੇਸ਼ਾਨੀ ਦਾ ਸਾਹਮਣਾ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਕਰਨਾ ਪੈਂਦਾ ਹੈ ਜੋ ਬਹੁਤ ਜ਼ਿਆਦਾ ਕੰਮ ਕਰਦੇ ਹਨ ਜਾਂ ਜ਼ਿਆਦਾ ਉਮਰ ਦੇ ਹੁੰਦੇ ਹਨ। ਵਿਗਿਆਨ ਦੀ ਭਾਸ਼ਾ 'ਚ ਇਸ ਨੂੰ 'ਅਕਸਟ੍ਰੀਮ ਆਫ਼ ਅਜੇਮ' ਕਹਿੰਦੇ ਹਨ। ਜਿਨ੍ਹਾਂ ਲੋਕਾਂ ਨੂੰ ਦਿਲ ਸਬੰਧੀ ਸਮੱਸਿਆ ਹੈ ਉਨ੍ਹਾਂ ਨੂੰ ਕਈ ਵਾਰ ਇਸ ਰੋਗ ਦਾ ਸਾਹਮਣਾ ਕਰਨਾ ਪੈਂਦਾ ਹੈ।

# ਤੰਦਰੁਸਤੀ ਦਾ ਮੰਤਰ

ਡਾ. ਅਮਰੀਕ ਸਿੰਘ ਕੰਡਾ

'ਆਉਣ ਵਾਲੇ ਸਮੇਂ ਵਿਚ ਰੱਜੇ ਬੰਦੇ ਹੀ ਮਰਿਆ ਕਰਨਗੇ ਤੇ ਭੁੱਖੇ ਬੰਦਿਆਂ ਦੀ ਉਮਰ ਲੰਬੀ ਹੋਵੇਗੀ।' ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾਂ ਹਾਂ ਕਿਉਂਕਿ ਅਸੀਂ ਸਭ ਖਾ ਪੀ ਹੀ ਰਹੇ ਹਾਂ। ਕੋਈ ਸਰੀਰਕ ਕਸਰਤ ਜਾਂ ਕੰਮਕਾਰ ਨਹੀਂ ਕਰਦੇ। ਜ਼ਿਆਦਾਤਰ ਲੋਕ ਬੈਠ ਕੇ ਕੰਮ ਕਰਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਉਮਰ ਲੰਬੀ ਤੇ ਤੰਦਰੁਸਤ ਰਹੇ ਤਾਂ ਸਾਨੂੰ ਇਨ੍ਹਾਂ ਗੱਲਾਂ 'ਤੇ ਅਮਲ ਕਰਨਾ ਪਵੇਗਾ। ਆਉ ਜਾਣੀਏ ਕਿ ਅਸੀਂ ਆਪਣੇ ਆਪ ਨੂੰ ਤੇ ਆਪਣੇ ਪਰਿਵਾਰਾਂ ਨੂੰ ਬਿਮਾਰੀਆਂ ਤੋਂ ਕਿਵੇਂ ਬਚਾਈਏ ਤੇ ਕਿਵੇਂ ਤਣਾਅ ਮੁਕਤ ਜੀਵਨ ਬਤੀਤ ਕਰੀਏ... ।



## ਭੋਜਨ ਨੂੰ ਸਮਝੀਏ

ਭੋਜਨ ਕਰਨਾ ਮਹੱਤਵਪੂਰਨ ਨਹੀਂ ਸਗੋਂ ਭੋਜਨ ਨੂੰ ਪਚਾਉਣਾ ਮਹੱਤਵਪੂਰਨ ਹੈ। ਜਿਸ ਦੇਸ਼-ਪ੍ਰਦੇਸ਼ ਜਾਂ ਸਥਾਨ 'ਤੇ ਜਿਸ ਪ੍ਰਕਾਰ ਦਾ ਭੋਜਨ ਉਪਲਬਧ ਹੋਵੇ ਉਹੀ ਭੋਜਨ ਕਰਨਾ ਚਾਹੀਦਾ ਹੈ। ਕੁਦਰਤ ਦੇ ਵਿਰੁੱਧ ਭੋਜਨ ਕਦੇ ਨਾ ਕਰੋ।

- ਸਭ ਤੋਂ ਪਹਿਲਾਂ ਇਸ ਗੱਲ ਨੂੰ ਸਮਝੋ ਕਿ ਖਾਣ ਲਈ ਨਾ ਜੀਉ ਸਗੋਂ ਜੀਉਣ ਲਈ ਖਾਉ। ਘੱਟ ਖਾਉ, ਦੇਖ ਪਰਖ ਕੇ ਚੰਗਾ ਖਾਉ। ਚੰਗੀ ਤਰ੍ਹਾਂ ਚਬਾ ਕੇ ਖਾਓ। ਚਬਾ ਕੇ ਖਾਣ ਨਾਲ ਜਲਦੀ ਹੀ ਪਚ ਜਾਂਦਾ ਹੈ।
- ਤੁਸੀਂ ਆਪਣਾ ਢਿੱਡ ਕਦੇ ਨਾ ਭਰੋ। ਸਗੋਂ ਭੁੱਖ ਰੱਖ ਕੇ ਖਾਉ। ਜੇ ਤੁਸੀਂ ਜ਼ਿਆਦਾ ਖਾ ਲਵੋਂਗੇ ਤਾਂ ਪਚਨ 'ਚ ਕਾਫ਼ੀ ਪਰੇਸ਼ਾਨੀ ਆਵੇਗੀ।
- ਆਪਣੇ ਖਾਣੇ 'ਚ 60 ਫ਼ੀਸਦੀ ਕੱਚਾ ਭੋਜਨ ਸ਼ਾਮਿਲ ਕਰੋ ਜਿਵੇਂ ਮੂਲੀ, ਗਾਜਰ, ਪਾਲਕ, ਖੀਰਾ, ਬਰੋਕਲੀ, ਟਮਾਟਰ, ਸਲਾਦ ਆਦਿ। ਇਸ ਨਾਲ ਸਿਹਤ ਨੂੰ ਬਹੁਤ ਲਾਭ ਮਿਲੇਗਾ।
- ਕੱਚਾ ਭੋਜਨ ਆਕਸੀਜਨ ਦਿੰਦਾ ਹੈ। ਹੁਣ ਅਸੀਂ ਪੱਕੇ ਭੋਜਨ ਦੀ ਗੱਲ ਕਰਦੇ ਹਾਂ। ਪੱਕਿਆ ਭੋਜਨ 48 ਮਿੰਟ ਦੇ ਅੰਦਰ-ਅੰਦਰ ਖਾ ਲਉ। ਇਸ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ।
- ਚੌਵੀ ਘੰਟਿਆਂ ਬਾਅਦ ਇਹ ਭੋਜਨ ਜਾਨਵਰਾਂ ਦੇ ਖਾਣ ਯੋਗ ਵੀ ਨਹੀਂ ਰਹਿੰਦਾ।
- ਫਾਸਟ ਫੂਡ ਤੇ ਮੈਦੇ ਤੋਂ ਬਣੀਆਂ ਚੀਜ਼ਾਂ ਨਾ ਖਾਉ। ਮੈਦਾ ਸਾਡੀਆਂ ਆਂਤੜੀਆਂ 'ਚ ਜਾ ਕੇ ਚਿਪਕ ਜਾਂਦਾ ਹੈ। ਇਸ ਨਾਲ ਸਾਨੂੰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਇਸ ਲਈ ਸਾਵਧਾਨ ਰਹੋ।
- ਜ਼ਿਆਦਾ ਕਾਰਬੋਹਾਈਡਰੇਟਸ ਨਾ ਖਾਉ।
- ਪ੍ਰੋਟੀਨ ਜਿਵੇਂ ਦਾਲਾਂ, ਛੋਲੇ, ਹਰੀਆਂ ਸਬਜ਼ੀਆਂ ਖਾਉ। ਪ੍ਰੋਟੀਨ ਨਾਲ ਖੱਟੇ ਦਾ ਮੇਲ ਹੈ ਜਿਵੇਂ ਦਾਲਾਂ, ਛੋਲਿਆਂ ਨਾਲ ਪੁਦੀਨੇ ਅਨਾਰ ਦਾਣੇ ਦੀ ਚਟਨੀ ਜਾਂ ਨਿੰਬੂ ਆਦਿ ਲਉ। ਪ੍ਰੋਟੀਨ ਛੇਤੀ ਪਚ ਜਾਵੇਗਾ।।

## ਭੋਜਨ ਦਾ ਸਮਾਂ

ਨਾਸ਼ਤੇ ਦਾ ਸਮਾਂ ਸਵੇਰ 7 ਤੋਂ 9, ਦੁਪਿਹਰ ਲੰਚ ਦਾ ਸਮਾਂ 1 ਤੋਂ 2 ਤੇ ਡਿਨਰ ਦਾ ਸਮਾਂ 5 ਤੋਂ 6 ਵਜੇ ਤਕ ਦਾ ਰੱਖੋ।

## ਖ਼ੁਰਾਕ 'ਚ ਕਰੋ ਸ਼ਾਮਿਲ

ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਆਂਵਲਾ, ਹਲਦੀ, ਦਾਲਚੀਨੀ, ਮੋਟੀ ਕਾਲੀ ਇਲਾਇਚੀ, ਭਿੱਜੇ ਹੋਏ ਬਾਦਾਮ, ਅਲਸੀ, ਆਂਡੇ ਦਾ ਵਾਈਟ ਪਾਰਟ, ਕਾਲੀ ਮਿਰਚ, ਸੁੰਢ, ਮਘਾਂ, ਪੁਦੀਨਾ, ਲਸਣ, ਅਦਰਕ, ਪਿਆਜ਼, ਅਨਾਰਦਾਣਾ, ਤੁਲਸੀ, ਗਿਲੋਅ, ਸਬਜ਼ੀਆਂ, ਫਰੂਟ, ਸੌਂਫ, ਮੁਲੱਠੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

98557-35666



# ਜ਼ਰੂਰੀ ਹੈ ਦੰਦਾਂ ਦੀ ਦੇਖਭਾਲ

**ਤੰਬਾਕੂ, ਜ਼ਰਦਾ, ਸ਼ਰਾਬ, ਸਿਗਰਟਨੋਸ਼ੀ ਤੇ ਗੁਟਕਾ ਆਦਿ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ ਜਿਨ੍ਹਾਂ ਨਾਲ ਮੂੰਹ ਦਾ ਕੈਂਸਰ, ਦੰਦਾਂ 'ਚ ਦਰਦ, ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ...**

ਡਾ.ਅਨਿਲ ਕੁਮਾਰ



ਕਈ ਲੋਕਾਂ ਨੂੰ ਦੰਦਾਂ ਪ੍ਰਤੀ ਬਹੁਤ ਸਾਰੀਆਂ ਪਰੇਸ਼ਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਠੰਢਾ-ਤੱਤਾ ਲੱਗਣਾ, ਖੋੜਾਂ, ਦੰਦਾਂ ਨੂੰ ਕੀੜਾ ਲੱਗਣੇ, ਦੰਦਾਂ ਵਿਚ ਖ਼ੂਨ ਆਉਣਾ ਜਾਂ ਫਿਰ ਮਸੂੜਿਆਂ ਵਿਚ ਸੋਜ ਹੋਣੀ, ਦੰਦ ਹਿਲਣੇ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਬਗੈਰ ਜੀਵਨ ਵਿਚ ਨੀਰਸਤਾ ਆ ਜਾਂਦੀ ਹੈ। ਇਸ ਦੀ ਅਸਲ ਅਹਿਮੀਅਤ ਉਦੋਂ ਸਮਝ ਆਉਂਦੀ ਹੈ ਜਦੋਂ ਬੁਢਾਪਾ ਆਉਂਦਾ ਹੈ ਤੇ ਅਸੀਂ ਚਿੱਥ ਕੇ ਕੁੱਝ ਖਾ ਨਹੀਂ ਸਕਦੇ। ਦੰਦਾਂ ਵਾਲੇ ਡਾਕਟਰਾਂ ਦੀ ਰਹਿਮਤ 'ਤੇ ਦੇਖੋ ਇਹ ਦੰਦਾਂ ਦੇ ਨਕਲੀ ਬੀੜ ਬਣਾ ਕੇ ਕੁੱਝ ਖਾਣ ਦੇ ਯੋਗ ਬਣਾਉਂਦੇ ਹਨ ਪਰ ਅਸਲੀ ਤਾਂ ਅਸਲੀ ਹੀ ਹੁੰਦੇ ਹਨ। ਜਿਸ ਦਾ ਮੁੱਲ ਅਸੀਂ ਕਦੇ ਨਹੀਂ ਸਮਝਦੇ।

ਜਿਨ੍ਹਾਂ ਮਰੀਜ਼ਾਂ ਨੂੰ ਦੰਦ ਕਢਵਾਉਣ ਤੋਂ ਡਰ ਲਗਦਾ ਹੈ ਉਨ੍ਹਾਂ ਲਈ ਚੰਗੀ ਖ਼ਬਰ ਇਹ ਹੈ ਕਿ ਅੱਜ ਦੇ ਤਕਨੀਕੀ ਯੁੱਗ ਵਿਚ ਖ਼ਰਾਬ ਹੋਏ ਦੰਦ ਬਿਨ੍ਹਾਂ ਦਰਦ ਤੋਂ ਕੱਢੇ ਜਾਂਦੇ ਹਨ। ਇਸ ਲਈ ਦੰਦਾਂ ਨੂੰ ਠੀਕ ਰੱਖਣ ਲਈ ਡੈਂਟਿਸਟ ਕੋਲ ਜਾਣਾ ਹੀ ਪੈਂਦਾ ਹੈ ਤੇ ਮਰੀਜ਼ ਨੂੰ ਕਈ ਜਟਿਲ ਤੇ ਕਈ ਛੋਟੀਆਂ-ਮੋਟੀਆਂ ਸਰਜਰੀਆਂ ਵਿੱਚੋਂ ਗੁਜਰਨਾ ਪੈਂਦਾ ਹੈ ਜਿਵੇਂ ਕਿ ਦੰਦਾਂ ਦੀ ਫਿਲਿੰਗ, ਰੂਟ ਕੈਨਾਲ ਟਰੀਟਮੈਂਟ, ਫਿਕਸ ਦੰਦ ਲਗਾਉਣਾ, ਅਕਲ-ਜਾੜ ਦੀ ਸਰਜਰੀ ਆਦਿ ਕਰਵਾਉਣਾ ਹੁਣ ਆਮ ਜਿਹੀ ਗੱਲ ਹੋ ਗਈ ਹੈ।

ਜਦੋਂ ਅਸੀ ਇਨ੍ਹਾਂ ਦੰਦਾਂ ਨੂੰ ਅਣਗੌਲਿਆਂ ਕਰਦੇ ਹਾਂ ਕਿ ਜੋ ਆਇਆ ਸੋ ਪਚਾਇਆ ਵਰਗੀ ਸਥਿਤੀ ਅਪਨਾਉਂਦੇ ਹਾਂ ਤਾਂ ਇਹ ਦੰਦ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਲੱਗ ਪੈਂਦੇ ਹਨ। ਅੱਜ ਹਰ ਦੂਜਾ ਵਿਅਕਤੀ ਦੰਦਾਂ ਨਾਲ ਘੋਲ ਕਰ ਰਿਹਾ ਹੈ। ਇਹ ਘੋਲ ਕਰ ਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲਿਆ ਹੈ। ਘੋਲ ਵੀ ਇਸ ਤਰ੍ਹਾਂ ਦੇ ਕਿ 'ਰਹਿ ਰੱਬ ਦਾ ਨਾਂ', ਬੁਰਸ਼ ਨਾ ਬਦਲਣਾ, ਦੰਦਾਂ ਨਾਲ ਬੋਤਲ ਦਾ ਢੱਕਣ ਖੋਲਣਾ, ਕੋਈ ਭਾਰੀ ਵਹੀਕਲ ਖਿੱਚਣਾ, ਅਖਰੋਟ ਤੋੜਣਾ, ਦੰਦਾਂ ਨੂੰ ਬੁਰਸ਼ ਨਾਲ ਜ਼ੋਰ-ਜ਼ੋਰ ਦੀ ਰਗੜਨਾ ਆਦਿ। ਇਹ ਗ਼ਲਤ ਆਦਤਾਂ ਹਨ ਜਿਸ ਕਰਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲੈਂਦੇ ਹਾਂ।

ਅਸੀਂ ਲੋਕ ਭੋਜਨ ਨੂੰ ਦੰਦਾਂ ਨਾਲ ਚੰਗੀ ਤਰ੍ਹਾਂ ਚਿੱਥ ਕੇ ਨਹੀਂ ਖਾਂਦੇ ਸਗੋਂ ਨਿਗਲਦੇ ਹਾਂ। ਇਹ ਕੰਮ ਅਸੀਂ ਟੈਲੀਵਿਜ਼ਨ ਦੇਖਣ ਦੌਰਾਨ ਕਰਦੇ ਹਾਂ।

ਦੰਦਾਂ ਦਾ ਇਹ ਚਿੱਥਣ ਵਾਲਾ ਕੰਮ ਪੇਟ ਵਿਚ ਮੌਜੂਦ ਵੱਡੀ ਤੇ ਛੋਟੀ ਪੇਟ ਦੀ ਆਂਤੜੀ ਦੇ ਸਪੁਰਦ ਕਰ ਦਿੰਦੇ ਹਾਂ। ਇੱਥੇ ਹੀ ਬਸ ਨਹੀਂ ਕੈਮੀਕਲਸ ਨਾਲ ਭਰਪੂਰ ਪੇਸਟਾਂ ਵੀ ਸਾਡੇ ਸਰੀਰ, ਦੰਦਾਂ ਤੇ ਮਸੂੜਿਆਂ ਦਾ ਸਤਿਆਨਾਸ਼ ਕਰ ਰਹੀਆਂ ਹਨ। ਸਾਡੇ ਬੱਚਿਆਂ ਦੇ ਦੰਦਾਂ ਦੀ ਸਥਿਤੀ ਉਬੜ-ਖਾਬੜ ਹੋ ਗਈ ਹੈ। ਅਜਿਹੇ ਦੰਦਾਂ 'ਤੇ ਬੁਰਸ਼ ਚਲਾਉਣਾ ਮਸ਼ੀਨ ਨਾਲ ਘਾਹ ਖੋਦਣ ਵਰਗੀ ਸਥਿਤੀ ਹੈ। ਇਸ ਲਈ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਛੋਟੀ ਉਮਰ ਵਿਚ ਦੰਦਾਂ ਨੂੰ ਠੀਕ ਰੱਖਣ ਲਈ ਦੰਦਾਂ 'ਤੇ ਤਾਰਾਂ ਲਾਉਣੀਆਂ ਪੈਂਦੀਆਂ ਹਨ ਤਾਂ ਕਿ ਦੰਦਾਂ ਨੂੰ ਇਕਸਾਰ ਕੀਤਾ ਜਾ ਸਕੇ।

ਉਹ ਵੀ ਜਦੋਂ ਬੱਚੇ ਦਾ ਜਬਾੜਾ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਚੁੱਕਾ ਹੋਵੇ। ਇਹ ਵੀ ਨਾ ਭੁੱਲੋ ਕਿ ਉਚੇ-ਨੀਵੇ ਦੰਦਾਂ ਦੀ ਬਣਤਰ ਦਾ ਨਾਤਾ ਜੈਨੇਟਿਕ (ਪੀੜ੍ਹੀ ਦਰ ਪੀੜ੍ਹੀ) ਵੀ ਹੋ ਸਕਦਾ ਹੈ। ਇਸ ਲਈ ਵਿੰਗੇ-ਟੇਡੇ ਦੰਦਾਂ ਦਾ ਹੋਣਾ ਬੱਚਿਆਂ ਦਾ ਨਿਰਾ ਦੋਸ਼ ਨਹੀਂ ਹੈ। ਦੰਦਾਂ ਨਾਲ ਚਿਪਕਣ ਵਾਲੇ ਪਦਾਰਥ ਚੌਕਲੇਟ, ਟੌਫੀਆਂ, ਫਾਸਟ ਫੂਡ ਤੇ ਕੈਂਡੀ ਵਰਗੀਆਂ ਮਿੱਠੀਆਂ ਚੀਜ਼ਾਂ ਸਾਡੇ ਦੰਦਾਂ ਨਾਲ ਚਿਪਕ ਜਾਂਦੀਆਂ ਹਨ।

ਨਤੀਜੇ ਵਜੋਂ ਸਾਡੇ ਦੰਦਾਂ ਦੀਆਂ ਬਿਮਾਰੀਆਂ ਵਿਚ ਵਾਧਾ ਕਰਦੀਆਂ ਹਨ। ਕਈ ਮੇਰੇ ਵੀਰ ਦੰਦਾਂ ਵਾਲੇ ਡਾਕਟਰ ਕੋਲ ਉਸ ਸਮੇਂ ਜਾਂਦੇ ਹਨ ਜਦ ਦੰਦਾਂ ਦਾ ਕੀੜਾ ਉਪਰਲੀ ਪਰਤ ਨੂੰ ਖਾ ਕੇ ਨਸਾਂ ਤਕ ਘੁਸਪੈਠ ਕਰ ਚੁੱਕਾ ਹੁੰਦਾ ਹੈ। ਇਸ ਕੀੜੇ ਦੀ ਦਹਿਸ਼ਤ ਨੂੰ ਖ਼ਤਮ ਕਰਨ ਲਈ ਇਲਾਜ ਦੀ ਲੋੜ ਪੈਂਦੀ ਹੈ। ਇਸ ਲਈ ਸਹੀ ਸਮੇਂ 'ਤੇ ਡਾਕਟਰ ਕੋਲ ਜਾਉ। ਐਂਵੇ ਘਰ ਬੈਠੇ ਨੀਮ ਹਕੀਮ ਇਲਾਜ ਨਾ ਕਰੋ। ਦੰਦਾਂ ਨੂੰ ਸਵੱਸਥ ਰੱਖਣ ਲਈ ਬਹੁਤੇ ਵੱਡੇ ਉਪਰਾਲੇ ਕਰਨ ਦੀ ਲੋੜ ਨਹੀਂ। ਬਸ ਤੁਹਾਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣੀਆਂ ਹਨ। ਉਹ ਵੀ ਬਹੁਤੀਆਂ ਔਖੀਆਂ ਨਹੀਂ ਜਿਵੇਂ ਕਿ ਦਿਨ ਵਿਚ ਦੋ ਵਾਰ ਬੁਰਸ਼ ਕਰਨਾ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਬੁਰਸ਼ ਨੂੰ ਠੀਕ ਢੰਗ ਨਾਲ ਕਰਨਾ ਤੇ ਹਰ ਖਾਣਾ-ਖਾਣ ਤੋਂ ਬਾਅਦ ਕੁਰਲੀ ਕਰਨਾ ਜਾਂ ਦੋ ਘੁੱਟ ਪਾਣੀ ਗਟਕ ਲੈਣਾ ਵੀ ਠੀਕ ਹੈ। ਤੰਬਾਕੂ, ਜ਼ਰਦਾ, ਸਿਗਰਟਨੋਸ਼ੀ ਤੇ ਗੁਟਕਾ ਵਰਗੇ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ। ਜਿਨ੍ਹਾਂ ਨਾਲ ਮੂੰਹ ਦਾ ਕੈਂਸਰ ਤੇ ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਦੰਦਾਂ ਨੂੰ ਸਾਫ਼ ਨਾ ਰੱਖਣ ਦੀ ਸਜਾ ਦੇ ਰੂਪ ਵਿਚ ਦਿਲ ਦੀਆਂ ਬਿਮਾਰੀਆਂ, ਸਾਹ ਦੀ ਪਰੇਸ਼ਾਨੀ ਲਈ ਰਾਹ ਪੱਧਰਾ ਕਰ ਰਹੇ ਹਾਂ। ਸੋ ਅੱਜ ਲੋੜ ਹੈ ਤੁਹਾਨੂੰ ਆਪਣੇ ਦੰਦਾਂ ਦਾ ਸਹੀ ਖ਼ਿਆਲ ਰੱਖਣ ਦੀ ਤਾਂ ਕਿ ਤੁਸੀ ਕਿਸੇ ਸਾਹਮਣੇ ਖੁੱਲ੍ਹ ਕੇ ਹੱਸ ਸਕੋ।

ਜੇ ਦੰਦ ਤੰਦਰੁਸਤ ਨਹੀਂ ਤਾਂ ਫਿਰ ਤੁਹਾਡੀ ਮੁਸਕਰਾਹਟ ਨੂੰ ਗ੍ਰਹਿਣ ਲੱਗਾ ਹੋਇਆ ਹੈ। ਇਸ ਲਈ ਦੰਦਾਂ ਦੀ ਤੰਦਰੁਸਤੀ ਲਈ ਅੱਜ ਤੋਂ ਹੀ ਭੋਜਨ ਵਿਚ ਸਲਾਦ ਸ਼ਾਮਿਲ ਕਰੋ ਤੇ ਜੰਕ ਫੂਡ ਤੋਂ ਤੋਬਾ ਕਰੋ। ਦੰਦਾਂ 'ਤੇ ਚਿਪਕਣ ਵਾਲੇ ਪਦਾਰਥਾਂ ਦਾ ਸੇਵਨ ਨਾ ਕਰੋ ਕਿਉਂਕਿ ਇਨ੍ਹਾਂ ਚੀਜ਼ਾਂ ਦੇ ਸੇਵਨ ਨਾਲ ਦੰਦਾਂ ਨੂੰ ਕਾਫ਼ੀ ਜ਼ਿਆਦਾ ਨੁਕਸਾਨ ਹੁੰਦਾ ਹੈ ਤੇ ਇਸ ਦੇ ਨਾਲ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੋ: 9779884393

## ਕੁਝ ਕਹਿੰਦੀ ਐ ਤਸਵੀਰ...

• ਸੰਗੀਤਾ ਭੰਡਾਰੀ, ਲੁਧਿਆਣਾ



*ਤੁਹਾਡੇ ਆਲੇ–ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ–ਸਵਾਦ ਦਾ ਨਮੂਨਾ* **ਕੌਮੀ ਪੱਤ੍ਰਿਕਾ** *ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

[redacted]

ਵਿਅੰਗ

## ਸਰਕਾਰ ਨਿਕੰਮੀ ਨਹੀਂ

**ਨਵੀਆਂ–ਨਵੀਆਂ ਤੇਜ਼ ਰਫ਼ਤਾਰ ਗੱਡੀਆਂ ਦੇ ਕਹਿਰ ਤੋਂ ਪਬਲਿਕ ਨੂੰ ਬਚਾਉਣ ਲਈ ਸੜਕਾਂ 'ਤੇ ਪਏ ਟੋਏ ਬਹੁਤ ਸਹਾਇਕ ਹੁੰਦੇ ਹਨ। ਹਰ ਆਦਮੀ ਬਹੁਤ ਧਿਆਨ ਨਾਲ ਆਪਣਾ ਵਾਹਨ ਚਲਾਉਂਦਾ ਹੈ ਜਿਸ ਨਾਲ ਐਕਸੀਡੈਂਟ ਦਾ ਖ਼ਤਰਾ ਘਟ ਜਾਂਦਾ ਹੈ...**

• ਡਾ. ਕਰਨੈਲ ਸਿੰਘ ਹੂੰਜਣ
94636-63404

ਅੱਜ ਕੰਪਿਊਟਰ ਯੁਗ ਹੈ। ਹਰ ਮਾਂ-ਬਾਪ ਦੀ ਸੋਚ ਹੈ ਕਿ ਉਸਦੀ ਔਲਾਦ ਸਰੀਰਕ ਤੇ ਦਿਮਾਗ਼ੀ ਤੌਰ 'ਤੇ ਬਹੁਤ ਤੇਜ਼ ਹੋਵੇ। ਤੇਜ਼ ਜ਼ਮਾਨੇ ਦੀ ਦੌੜ ਵਿਚ ਕਿਤੇ ਦੂਸਰਿਆਂ ਤੋਂ ਪਿੱਛੇ ਨਾ ਰਹਿ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਮਹਿੰਗੇ ਸਕੂਲਾਂ ਵਿਚ ਵਿਤੋਂ ਬਾਹਰਾ ਖ਼ਰਚ ਕਰ ਕੇ ਦਾਖਲਾ ਕਰਾਉਂਦੇ ਤੇ ਪੜ੍ਹਾਉਂਦੇ ਹਨ।

ਸਾਡੀ ਸਰਕਾਰ ਵੀ ਇਸ ਪ੍ਰਤੀ ਬਹੁਤ ਸੁਚੇਤ ਹੈ। ਉਹ ਵੀ ਚਾਹੁੰਦੀ ਹੈ ਕਿ ਦੇਸ਼ ਦਾ ਹਰ ਨਾਗਰਿਕ ਬਹੁਤ ਚੁਸਤ ਤੇ ਚੇਤੰਨ ਹੋਵੇ। ਉਹ ਚਾਹੁੰਦੀ ਹੈ ਕਿ ਦੇਸ਼ ਵਿੱਚੋਂ ਸੁਸਤੀ ਤੇ ਆਲਸਪਣ ਦੇ ਘੁਣ ਨੂੰ ਖ਼ਤਮ ਕੀਤਾ ਜਾਵੇ। ਲੋਕ ਕਹਿੰਦੇ ਨੇ ਸਾਡੀ ਸਰਕਾਰ ਨਿਕੰਮੀ ਹੈ। ਪਬਲਿਕ ਦਾ ਕੋਈ ਧਿਆਨ ਨਹੀਂ ਕਰਦੀ।

ਓ ਭਲਿਓ ਲੋਕੋ ਜਿਹੜਾ ਕੰਮ ਤੁਸੀਂ ਆਪਣੇ ਬੱਚਿਆਂ ਨੂੰ ਚੁਸਤ ਚੇਤੰਨ ਕਰਨ ਲਈ ਲੱਖਾਂ ਰੁਪਏ ਖ਼ਰਚ ਕੇ ਕਰਦੇ ਹੋ ਉਹ ਸਰਕਾਰ ਤੁਹਾਡੇ ਲਈ ਸੁਤੇ ਸਿੱਧ ਹਰ ਖੇਤਰ ਵਿਚ ਤੁਹਾਡੀਆਂ ਗਾਲ੍ਹਾਂ ਸੁਣਨ ਦੇ ਬਾਵਜੂਦ ਕਰ ਰਹੀ ਹੈ। ਕਿਹਾ ਜਾਂਦਾ ਹੈ ਕਿ ਸਰਕਾਰ ਨੇ ਸੜਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ।

ਜਗ੍ਹਾ-ਜਗ੍ਹਾ ਟੋਏ ਪਏ ਹੋਏ ਹਨ। ਹਾਦਸੇ ਦਾ ਖ਼ਤਰਾ ਹਰ ਵਕਤ ਬਣਿਆ ਰਹਿੰਦਾ ਹੈ। ਟਰੈਫਿਕ ਦਾ ਬੁਰਾ ਹਾਲ ਹੈ। ਦੇਖੋ ਸਰਕਾਰੀ ਖ਼ਜ਼ਾਨਾ ਖ਼ਾਲੀ ਹੈ। ਟ੍ਰੈਫਿਕ ਪੁਲਿਸ ਦੀ ਭਰਤੀ ਨਾ ਮੁਮਕਿਨ ਹੈ। ਨਵੀਆਂ-ਨਵੀਆਂ ਤੇਜ਼ ਰਫ਼ਤਾਰ ਗੱਡੀਆਂ ਦੇ ਕਹਿਰ ਤੋਂ ਪਬਲਿਕ ਨੂੰ ਬਚਾਉਣ ਲਈ ਸੜਕਾਂ 'ਤੇ ਪਏ ਟੋਏ ਬਹੁਤ ਸਹਾਇਕ ਹੁੰਦੇ ਹਨ। ਹਰ ਆਦਮੀ ਚਾਹੇ ਉਹ ਕਾਰ ਵਾਲਾ ਜਾਂ ਸਕੂਟਰ ਮੋਟਰਸਾਈਕਲ ਵਾਲਾ ਹੋਵੇ ਬਹੁਤ ਧਿਆਨ ਨਾਲ ਆਪਣਾ ਵਾਹਨ ਚਲਾਉਂਦਾ ਹੈ ਜਿਸ ਨਾਲ ਐਕਸੀਡੈਂਟ ਦਾ ਖ਼ਤਰਾ ਘਟ ਜਾਂਦਾ ਹੈ।

ਰੋਜ਼ਾਨਾ ਉਸ ਸੜਕ 'ਤੇ ਗੁਜ਼ਰਨ ਵਾਲਾ ਕਿਸ ਜਗ੍ਹਾ 'ਤੇ ਸੜਕ ਖ਼ਰਾਬ ਹੈ ਕਿਸ ਖ਼ਾਸ ਜਗ੍ਹਾ 'ਤੇ ਕਿੱਡਾ ਵੱਡਾ ਟੋਇਆ ਹੈ ਉਸ ਨੂੰ ਕਿਸ ਤਰ੍ਹਾਂ ਲੰਘਣਾ ਹੈ ਉਸਦੀ ਤਸਵੀਰ 'ਤੇ ਪਲੈਨਿੰਗ ਦਿਮਾਗ਼ ਵਿਚ ਬਣਾ ਕੇ ਹੀ ਸੜਕ 'ਤੇ ਸਫ਼ਰ ਸ਼ੁਰੂ ਕਰਦਾ ਹੈ। ਉਸਦਾ ਸਾਰਾ ਧਿਆਨ ਸੜਕ ਵੱਲ ਰਹਿੰਦਾ ਹੈ ਇੱਧਰ-ਉੱਧਰ ਭਟਕਦਾ ਨਹੀਂ। ਇਸ ਤਰੀਕੇ ਨਾਲ ਸਰਕਾਰ ਤੁਹਾਨੂੰ ਅਹਿਸਾਸ ਕਰਾਏ ਬਗ਼ੈਰ ਬਿਨਾਂ ਬਦਾਮ ਆਦਿ 'ਤੇ ਖ਼ਰਚ ਕਰਾਇਆਂ ਯਾਦਾਸ਼ਤ ਵੀ ਤੇਜ਼ ਕਰਦੀ ਹੈ। ਸਾਡੀ ਟਰੈਫਿਕ ਪੁਲਿਸ ਟਰੈਫਿਕ ਕੰਟਰੋਲ ਕਰਨ ਦੀ ਬਜਾਏ ਚੌਂਕਾਂ ਤੋਂ ਦੂਰ ਖੜ੍ਹਕੇ ਟਰੈਫਿਕ ਸਿਗਨਲ ਤੋੜਨ ਵਾਲਿਆਂ ਦਾ ਚਲਾਨ ਕਰਨ ਵਿਚ ਜ਼ਿਆਦਾ ਵਿਸ਼ਵਾਸ ਰੱਖਣ ਕਾਰਨ ਲੋਕਾਂ ਵਿਚ ਚਲਾਨ ਪੁਲਿਸ ਕਰਕੇ ਜ਼ਿਆਦਾ ਮਸ਼ਹੂਰ ਹੈ। ਲਾਲ ਬੱਤੀ 'ਤੇ ਲੰਘਣ ਵਾਲੇ ਬਹੁਤ ਦੂਰ ਤਕ ਨਿਗ੍ਹਾ ਮਾਰ ਕੇ ਉਨ੍ਹਾਂ ਦੀ ਹੋਂਦ ਮਹਿਸੂਸ ਕਰ ਕੇ ਆਪਣਾ ਐਕਸ਼ਨ ਤੈਅ ਕਰ ਲੈਂਦੇ ਹਨ। ਇਸ ਤਰ੍ਹਾਂ ਸਰਕਾਰ ਬਹੁਤ ਬੰਦਿਆਂ ਦੀ ਨਜ਼ਰ ਵੀ ਤੇਜ਼ ਕਰਨ ਵਿਚ ਸਹਾਈ ਹੋ ਰਹੀ ਹੈ। ਵਾਤਾਵਰਨ ਦੇ ਪ੍ਰਦੂਸ਼ਣ ਨੂੰ ਨਾ ਰੋਕਣ ਦਾ ਕਾਰਣ ਵੀ ਲੋਕਾਂ ਵਿਚ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਦੀ ਸੋਚ ਹੋ ਸਕਦੀ ਹੈ।



ਸਰਕਾਰੀ ਤੰਤਰ ਆਪਣੇ ਦਿੱਗਜ ਦਿਮਾਗ਼ ਵਾਲੇ ਅਫਸਰਾਂ ਦੁਆਰਾ ਪਬਲਿਕ ਦੀਆਂ ਜੇਬਾਂ 'ਤੇ ਡਾਕੇ ਮਾਰਨ ਲਈ ਨਿੱਤ ਨਵੇਂ ਤਰੀਕੇ ਤੇ ਬਹਾਨੇ ਈਜਾਦ ਕਰ ਰਿਹਾ ਹੈ ਹਰ ਮਹਿਕਮਾ ਇਸ ਮਾਮਲੇ ਵਿਚ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਦੌੜ 'ਚ ਲੱਗਿਆ ਹੈ। ਇਸ ਵਿਚ ਵੀ ਸਰਕਾਰੀ ਗੁਪਤ ਨੀਤੀ ਹਰ ਨਾਗਰਿਕ ਨੂੰ ਸਰੀਰਕ ਤੇ ਦਿਮਾਗੀ ਤੌਰ 'ਤੇ ਤੇਜ਼ ਕਰਨ ਦੀ ਹੀ ਹੈ।

ਨਿੱਤ ਨਵੇਂ ਸੂਰਜ ਚੜ੍ਹਨ ਨਾਲ ਆਪਣੇ ਵਧੇ ਹੋਏ ਖ਼ਰਚਿਆਂ ਨੂੰ ਪੂਰਾ ਕਰਨ ਲਈ ਆਦਮੀ ਨੂੰ ਸੁਸਤਪਣ ਤੇ ਆਲਸਪਣ ਨੂੰ ਦੂਰ ਕਰਨਾ ਹੀ ਪਵੇਗਾ। ਆਪਣੀ ਸਰੀਰਕ ਸਮਰੱਥਾ ਤੋਂ ਵੱਧ ਕੰਮ ਕਰਨ ਦੀ ਮਜਬੂਰੀ ਹੋਵੇਗੀ। ਵਪਾਰੀ ਵਰਗ ਕਲਰਕ ਸੀ .ਏ . ਵਰਗੇ ਕਿੱਤੇ ਵਾਲਿਆਂ ਨੂੰ ਨਵੇਂ-ਨਵੇਂ ਟੈਕਸਾਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਨਿਬੜਨ ਲਈ ਆਪਣੇ- ਆਪਣੇ ਦਿਮਾਗ਼ਾਂ ਨੂੰ ਕੰਪਿਊਟਰ ਵਾਂਗੂ ਰੋਜ਼-ਰੋਜ਼ ਅਪਡੇਟ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਦੇਸ਼ ਅੰਦਰ ਨਵੀਂ ਪ੍ਰਤਿਵਾਸ਼ਾਲੀ ਵਰਗ ਦੀ ਉਤਪਤੀ ਹੋ ਰਹੀ ਹੈ।

ਇਨ੍ਹਾਂ ਉਦਹਾਰਣਾਂ ਨਾਲ ਸਾਬਤ ਹੁੰਦਾ ਹੈ ਕਿ ਜੇ ਕੋਈ ਸਰਕਾਰ ਆਪਣੇ ਫ਼ਰਜ਼ ਸਹੀ ਤਰੀਕੇ ਨਾਲ ਨਹੀਂ ਨਿਭਾਉਂਦੀ ਤਾਂ ਉਹ ਸਰਕਾਰ ਨਿਕੰਮੀ ਨਹੀਂ ਹੁੰਦੀ ਸਗੋਂ ਇਹ ਤਾਂ ਉਸ ਦੀ ਪਬਲਿਕ ਦੀ ਬੁੱਧੀ ਸਹਿਣਸ਼ੀਲਤਾ ਤੇ ਰੋਗਾਂ ਨਾਲ ਲੜਨ ਲਈ ਅੰਦਰੂਨੀ ਸਰੀਰਕ ਤਾਕਤ ਯਾਨਿ ਕਿ ਇਮੂਨਿਟੀ ਵਧਾਉਣ ਦੀ ਮਨਸ਼ਾ ਨਾਲ ਬਣਾਈ ਇਕ ਗੁਪਤ ਨੀਤੀ ਹੁੰਦੀ ਹੈ ਨਾ ਕਿ ਸਰਕਾਰੀ ਨਿਕੰਮਾਪਨ ਜਾਂ ਅਵੇਸਲਾਪਨ ।•

ਕਹਾਣੀ

# ਕਾਸ਼ !



• ਤਰਸੇਮ ਸਿੰਘ ਭੰਗੂ
94656-56214

**ਜ਼ਿੰਦਗੀ ਦੇ ਸਫ਼ਰ 'ਚ ਕਈ ਵਾਰ ਅਜਿਹੇ ਲੋਕ ਮਿਲਦੇ ਹਨ ਜੋ ਸਦਾ ਲਈ ਦਿਲ 'ਚ ਥਾਂ ਬਣਾ ਲੈਂਦੇ ਹਨ। ਉਨ੍ਹਾਂ ਨੂੰ ਭੁੱਲਣਾ ਮੁਸ਼ਕਲ ਹੁੰਦਾ ਹੈ ਪਰ ਸਾਡੇ ਸਮਾਜਿਕ ਹਾਲਾਤ ਅਤੇ ਰੀਤੀ ਰਿਵਾਜ ਉਸ ਨੂੰ ਪਰਵਾਨ ਕਰਨ 'ਚ ਅੜਿੱਕਾ ਬਣਦੇ ਹਨ। ਕਹਾਣੀ ਦੀ ਪਾਤਰ ਦੀ ਅਜਿਹੀ ਕਸ਼ਮਕਸ਼ ਨੂੰ ਬਿਆਨਦੀ ਹੈ ਇਹ ਕਹਾਣੀ...**



ਰੇਲ ਜਾਂ ਬੱਸ ਦਾ ਸਫ਼ਰ ਕਰਦੇ ਸਮੇਂ ਹਮੇਸ਼ਾ ਸੀਟ 'ਤੇ ਬੈਠਣ ਲੱਗਿਆਂ ਮਰਦ ਸਵਾਰੀਆਂ ਦੇ ਨਾਲ ਬੈਠਣ ਤੋਂ ਗੁਰੇਜ਼ ਕਰਨ ਵਾਲੀ ਨੱਕ ਚੜ੍ਹੀ ਪ੍ਰੀਤ, ਮੋਗੇ ਬੱਸ ਅੱਡੇ ਦੇ ਬਾਹਰਵਾਰ ਖੜ੍ਹੀ ਚੰਡੀਗੜ੍ਹ ਜਾਣ ਵਾਲੀ ਪਹਿਲੀ ਸਰਕਾਰੀ ਬੱਸ ਦੀ ਅਗਲੀ ਬਾਰੀ ਚੜ੍ਹ ਕੇ, ਬੱਸ ਵਿਚ ਖ਼ਾਲੀ ਸੀਟਾਂ 'ਤੇ ਨਜ਼ਰ ਮਾਰਦੀ ਬੈਠਣ ਲਈ ਸੀਟ ਦੀ ਚੋਣ ਕਰਨ ਲੱਗੀ।

ਬੱਸ ਵਿਚ ਵਿਰਲੀਆਂ-ਟਾਵੀਆਂ ਸਵਾਰੀਆਂ 'ਚੋਂ ਕੋਈ-ਕੋਈ ਅਖ਼ਬਾਰ ਪੜ੍ਹਨ ਜਾਂ ਆਪੋ-ਆਪਣੇ ਫ਼ੋਨਾਂ ਦੀਆਂ ਸਕਰੀਨਾਂ 'ਤੇ ਉਂਗਲਾਂ ਮਾਰਨ 'ਚ ਮਗਨ ਸਨ। ਤਕਰੀਬਨ ਬੱਸ ਦੀਆਂ ਅੱਧੀਆਂ ਸੀਟਾਂ ਖ਼ਾਲੀ ਸਨ। ਬੱਸ ਦੇ ਵਿਚਾਲੇ ਜਿਹੇ ਦੋ ਸੀਟਾਂ ਵਾਲੀ ਸੀਟ 'ਤੇ ਖਿੜਕੀ ਵਾਲੇ ਪਾਸੇ ਬੈਠੇ, ਸਲੀਕੇ ਨਾਲ ਬੰਨ੍ਹੀ ਗੁਲਾਨਾਰੀ ਪੱਗ ਵਾਲੇ ਗੱਭਰੂ ਨੇ ਅਖ਼ਬਾਰ ਦਾ ਪੰਨਾ ਪਲਟਦਿਆਂ ਨਜ਼ਰਾਂ ਥੋੜ੍ਹਾ ਉਪਰ ਚੁੱਕੀਆਂ ਤਾਂ ਜਿਵੇਂ ਪਹਿਲੀ ਨਜ਼ਰੇ ਹੀ ਖ਼ੂਬਸੂਰਤ ਚਿਹਰਾ ਪ੍ਰੀਤ ਦੀਆਂ ਹਿਰਨੀ ਵਰਗੀਆਂ ਅੱਖਾਂ ਜ਼ਰੀਏ ਦਿਲ ਦਾ ਕੋਈ ਕੋਨਾ ਮੱਲ ਬੈਠਾ ਹੋਵੇ। ਉਹ ਗੱਭਰੂ ਦੇ ਪ੍ਰਭਾਵਸ਼ਾਲੀ ਚਿਹਰੇ ਦੀ ਤਾਬ ਨਾ ਝੱਲ ਸਕੀ। ਜੋ ਭੂੰਡ ਆਸ਼ਕਾਂ ਨੂੰ ਆਪਣੇ ਨੇੜੇ ਵੀ ਨਹੀਂ ਢੁੱਕਣ ਦੇਂਦੀ ਸੀ। ਕਾਲਜ ਪੜ੍ਹਦਿਆਂ ਜ਼ਿੰਦਗੀ ਦੇ ਕਈ ਕੌੜੇ ਫਿੱਕੇ ਤਜਰਬਿਆਂ 'ਚੋਂ ਲੰਘ ਕੇ ਐੱਮ.ਏ. ਦੀ ਵਿਦਿਆਰਥਣ ਅੱਜ ਆਪਣਾ ਭਲਾ-ਬੁਰਾ ਸੋਚਣ ਦੇ ਸਮਰਥ ਹੋ ਚੁੱਕੀ ਸੀ। ਬੇਸ਼ੱਕ ਗਹਿਰ-ਗੰਭੀਰ ਅੱਖਾਂ ਫਿਰ ਅਖ਼ਬਾਰ 'ਤੇ ਟਿਕ ਗਈਆਂ ਸਨ ਪਰ ਪ੍ਰੀਤ ਦਾ ਦਿਲ ਟਿਕਾਣੇ ਨਹੀਂ ਰਿਹਾ ਸੀ। ਖ਼ਾਲੀ ਸੀਟਾਂ ਹੋਣ ਦੇ ਬਾਵਜੂਦ ਹਮੇਸ਼ਾ ਤੋਂ ਉਲਟ ਜਿੱਥੇ ਉਹ ਜ਼ਨਾਨਾ ਸਵਾਰੀ ਨਾਲ ਬੈਠਣ ਨੂੰ ਪਹਿਲ ਦੇਂਦੀ ਸੀ ਜਾਂ ਆਪਣੇ ਨਾਲ ਖ਼ਾਲੀ ਸੀਟ 'ਤੇ ਕਿਤਾਬਾਂ ਜਾਂ ਹੈਂਡ ਬੈਗ ਰਖ ਕੇ ਕੋਈ ਜ਼ਨਾਨਾ ਸਵਾਰੀ ਬੈਠਣ ਤਕ ਸੀਟ ਮੱਲ ਕੇ ਰਖਦੀ ਸੀ, ਅੱਜ ਖ਼ੁਦ ਨੇ ਗੱਭਰੂ ਦੇ ਸੀਟ ਉੱਪਰ ਰਖੇ ਬੈਗ ਵੱਲ ਇਸ਼ਾਰਾ ਕਰਦਿਆਂ ਕਿਹਾ, 'ਐਕਸਿਊਜ਼ ਮੀ, ਕੋਈ ਬੈਠਾ ਤਾਂ ਨੀਂ?'

ਗੱਭਰੂ ਨੇ ਬਿਨਾਂ ਬੋਲਿਆਂ ਬੈਗ ਚੁੱਕ ਕੇ ਆਪਣੇ ਪੱਟਾਂ 'ਤੇ ਰੱਖ ਲਿਆ। 'ਜਿਸ ਦਾ ਭਾਵ ਸੀ ਸੀਟ ਖ਼ਾਲੀ ਹੈ ਤੁਸੀਂ ਬੈਠ ਸਕਦੇ ਹੋ।'

'ਥੈਂਕਸ' ਕਹਿ ਕੇ ਪ੍ਰੀਤ ਸੀਟ 'ਤੇ ਬੈਠ ਗਈ।

'ਲੁਧੇਹਾਣੇ ਤੋਂ ਉਰੇ ਦੀ ਸਵਾਰੀ ਕੋਈ ਨਾ ਹੋਵੇ ਬਾਈ ਜੀ, ਰਸਤੇ 'ਚ ਨਹੀਂ ਰੁਕਦੀ ਏਹ।' ਬੱਸ ਕੰਡਕਟਰ ਨੇ ਚੱਲਣ ਤੋਂ ਪਹਿਲਾਂ ਬਾਰੀ 'ਚ ਖਲੋਅ ਕੇ ਇਕ ਤਰ੍ਹਾਂ ਚਿਤਾਵਨੀ ਜਿਹੀ ਦਿੱਤੀ। ਬਾਰੀ 'ਚੋਂ ਮੂੰਹ ਬਾਹਰ ਕੱਢ ਕੇ ਇਕ ਵਾਰ ਫਿਰ ਕੰਡਕਟਰ ਨੇ 'ਚੰਡੀਗੜ੍ਹ-ਲੁਧੇਹਾਣਾ ਨੌਨ ਸਟਾਪ' ਆਜੋ ਵੀਰੇ' ਦੋ ਵਾਰ ਪੁਕਾਰਿਆ।

ਦਾਹੜੀ-ਮੁੱਛਾਂ ਢਾਠੀਆਂ ਨਾਲ ਕੱਸੀ ਅੱਧਖੜ ਜਿਹਾ ਡਰਾਈਵਰ ਕੰਡਕਟਰ ਵਾਲੇ ਪਾਸਿਓਂ ਹੀ ਚੜ੍ਹ ਕੇ ਗੇਅਰ ਲੀਵਰ ਦੇ ਲਾਗੋਂ ਦੀ ਹੁੰਦਾ ਹੋਇਆ ਡਰਾਈਵਰ ਸੀਟ 'ਤੇ ਡਟ ਗਿਆ। ਫੁਕਰੇ ਡਰਾਈਵਰਾਂ ਵਾਂਗ ਕਿਸੇ ਸੁਨੱਖੀ ਸਵਾਰੀ 'ਤੇ ਸ਼ੀਸ਼ਾ ਸੈੱਟ ਨਹੀਂ ਕੀਤਾ। ਹਾਂ ਉਸ ਨੇ ਬਾਹਰਲੇ ਬੈਕ ਸ਼ੀਸ਼ੇ 'ਚ ਜ਼ਰੂਰ ਝਾਤੀ ਮਾਰ ਕੇ ਸੈਲਫ਼ ਦਾ ਬਟਨ ਦੱਬ ਦਿੱਤਾ। ਦੋ ਵਾਰ ਹਾਰਨ ਮਾਰਨਾ ਬੱਸ ਦੇ ਪੰਧ ਪੈਣ ਦਾ ਸੰਕੇਤ ਸੀ।

ਕਾਹਲ਼ੀ-ਕਾਹਲ਼ੀ ਇਕ ਬਿਰਧ ਮਾਤਾ ਫੁੱਲਾਂ ਵਾਲਾ ਝੋਲ਼ਾ ਸੰਭਾਲਦੀ ਬੱਸ ਦੀ ਬੰਦ ਹੋ ਰਹੀ ਬਾਰੀ ਨੂੰ ਹੱਥ ਪਾਉਂਦੀ ਬੋਲੀ, 'ਠਹਿਰੀਂ ਵੇ ਪੁੱਤਾ, ਮਾਂ ਨੂੰ ਵੀ ਲੈਂਦਾ ਜਾਈਂ।'

'ਬੇਬੇ ਚੰਡੀਗੜ੍ਹ ਜਾਣੈ ਜਾਂ ਲੁਧਹਾਣੇ?' ਕੰਡਕਟਰ ਸਮਝ ਰਿਹਾ ਸੀ ਕਿ ਬੁੜ੍ਹੀ ਧੀ ਕੋਲ ਚੱਲੀ ਹੋਊ ਜਾਂ ਪੇਕੇ।

'ਨਾ ਵੇ ਜਿਊਣ ਜੋਗਿਆ, ਆਹ ਚਾਰ ਕਦਮਾਂ 'ਤੇ ਨਾਨਕਸਰ ਉਤਰ ਜਾਣੈ ਤੇਰੀ ਮਾਵਾਂ ਵਰਗੀ ਨੇ,' ਕਹਿੰਦਿਆਂ ਬੇਬੇ ਅੱਗੇ ਨੂੰ ਹੋਈ।

'ਨਾ-ਨਾ ਬੇਬੇ, ਮੇਰੀ ਆਪਣੀ ਮਾਂ ਨਾਲ ਨਹੀਂ ਬਣਦੀ, ਤੈਨੂੰ ਕਿਮੇਂ ਲੈ 'ਜਾਂ, ਇਹ ਨਹੀਂ ਰੁਕਦੀ ਨਾਨਕਸਰ।' ਕੰਡਕਟਰ ਰੁੱਖੀ ਜਿਹੀ ਕੰਡਕਟਰੀ ਭਾਸ਼ਾ 'ਚ ਟਿੱਚਰ ਕਰ ਕੇ ਆਪਣੇ ਮਖੌਲੀ ਹੋਣ ਦਾ ਪ੍ਰਭਾਵ ਬੈਠੀਆਂ ਸਵਾਰੀਆਂ 'ਤੇ ਛੱਡਣ ਦੀ ਕੋਸ਼ਿਸ਼ ਕਰਦਿਆਂ ਬਾਰੀ ਬੰਦ ਕਰਨ ਲੱਗ ਪਿਆ।

ਕੰਡਕਟਰ ਵੱਲੋਂ ਬਜ਼ੁਰਗ ਨਾਲ ਕੀਤੇ ਕੱਚੇ ਜਿਹੇ ਮਜ਼ਾਕ ਦਾ ਕਿਸੇ ਸਵਾਰੀ 'ਤੇ ਕੋਈ ਖ਼ਾਸ ਪ੍ਰਤੀਕਰਮ ਨਾ ਹੋਇਆ। ਪਰ ਖ਼ਾਲੀ ਬੱਸ ਸੋਚ ਕੇ ਡਰਾਈਵਰ ਬੋਲ ਪਿਆ,'ਲੈ ਲਾ ਯਾਰ, ਲਾਹ ਦਿਆਂਗੇ, ਕਿਹੜਾ ਟੈਮ ਲੱਗਦੈ, ਤੈਂ ਚੰਡੀਗੜ੍ਹ ਪਹੁੰਚ ਕੇ ਕਿਹੜੀ ਅੱਗ ਬੁਝਾਉਣੀ ਐ?'

'ਯਾਰ ਫ਼ੌਜੀਆ ਤੂੰ ਵੀ ਬਾਹਲ਼ਾ ਨਰਮ ਐਂ, ਬੁੜ੍ਹੀ ਘੰਟਾ ਲਾਊ ਚੜ੍ਹਦਿਆਂ ਉਤਰਦਿਆਂ, ਫ਼ੌਜੀ ਕਨੂੰਨ ਵਾਂਗ ਪੰਜਾਹ ਤੋਂ ਮੀਟਰ ਦੀ ਸੂਈ ਤੂੰ ਟੱਪਣ ਨਹੀਂ ਦੇਂਦਾ, ਭਾਵੇਂ ਕੋਈ ਘੜੂੱਕਾ ਈ ਪਾਸ ਕਰੀ ਜਾਵੇ।' ਕੱਚਾ ਜਿਹਾ ਹੋਇਆ ਕੰਡਕਟਰ ਡਰਾਈਵਰ ਨਾਲ ਵੀ ਖਿਝ ਪਿਆ। 'ਕਮਲ਼ਿਆ ਮਾਵਾਂ ਨਾਲ ਮਸ਼ਕਰੀਆਂ ਨਹੀਂ ਕਰੀਦੀਆਂ, ਮਾਵਾਂ ਦੀ ਕੀਮਤ ਮਾਵਾਂ ਦੇ ਜਾਣ ਤੋਂ ਬਾਅਦ ਈ ਪਤਾ ਲੱਗਦੀ ਹੈ।' ਸਾਊ ਡਰਾਈਵਰ ਨੇ ਦੁਨਿਆਵੀ ਸੱਚ ਕਹਿ ਕੇ ਸਵਾਰੀਆਂ ਦੇ ਦਿਲਾਂ 'ਚ ਡਰਾਈਵਰ ਭਾਈਚਾਰੇ ਦਾ ਸਤਿਕਾਰ ਵਧਾਅ ਦਿੱਤਾ। ਏਨੇ ਨੂੰ ਬੇਬੇ ਬਾਰੀ ਦਾ ਹੈਂਡਲ ਫੜ ਬੱਸ 'ਚ ਚੜ੍ਹ ਚੁੱਕੀ ਸੀ।

ਪੰਜ-ਦਸ ਮਿੰਟਾਂ ਬਾਅਦ ਹੀ ਬਰਨਾਲੇ ਵਾਲੇ ਬਾਈਪਾਸ 'ਤੇ ਆ ਕੇ ਲੁਧਿਆਣੇ ਤੇ ਚੰਡੀਗੜ੍ਹ ਜਾਣ ਵਾਲੀਆਂ ਸਵਾਰੀਆਂ ਨਾਲ ਬੱਸ ਖਚਾ-ਖੱਚ ਭਰ ਗਈ। ਬਾਈਪਾਸ ਤੋਂ ਚੜ੍ਹੀਆਂ ਜ਼ਿਆਦਾ ਸਵਾਰੀਆਂ ਨੌਜਵਾਨ ਮੁੰਡੇ-ਕੁੜੀਆਂ ਹੀ ਸਨ। ਉਨ੍ਹਾਂ ਦੀ ਗੱਲ-ਬਾਤ ਤੋਂ ਲੱਗ ਰਿਹਾ ਸੀ ਕਿ ਉਹ ਐਤਵਾਰ ਦੇ ਦਿਨ ਵੱਖ-ਵੱਖ ਟੈੱਸਟ ਸੈਂਟਰਾਂ 'ਚ ਕਿਸੇ ਨੌਕਰੀ ਦਾ ਟੈੱਸਟ ਦੇਣ ਜਾ ਰਹੇ ਹਨ। ਛੁੱਟੀ ਵਾਲੇ ਦਿਨ ਉਮੀਦੋਂ ਵੱਧ ਸਵਾਰੀਆਂ ਦੇ ਆਉਣ ਦਾ ਪ੍ਰਭਾਵ ਕੰਡਕਟਰ ਦੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ। 'ਗਾਹਾਂ ਨੂੰ ਹੋ'ਜੋ ਵੀਰੇ, ਖ਼ਾਲੀ ਪਈ ਆ ਸਾਰੀ ਬੱਸ।' ਪ੍ਰੀਤ ਵੀ ਚੰਡੀਗੜ੍ਹ ਟੈੱਸਟ ਦੇਣ ਹੀ ਜਾ ਰਹੀ ਸੀ। 'ਕਾਸ਼! ਇਹ ਗੱਭਰੂ ਵੀ ਟੈੱਸਟ ਦੇਣ ਹੀ ਜਾ ਰਿਹਾ ਹੋਵੇ।' ਪ੍ਰੀਤ ਮਨ ਹੀ ਮਨ ਸੋਚ ਗਈ।

'ਹਾਂ ਜੀ ? ਕਹਿੰਦਿਆਂ ਮੁੰਡੇ ਨੇ ਅਖ਼ਬਾਰ ਤੋਂ ਧਿਆਨ ਹਟਾਅ ਕੇ ਕੁੜੀ ਵੱਲ ਸਵਾਲੀਆ ਨਜ਼ਰੀਂ ਤੱਕਿਆ।

ਪ੍ਰੀਤ ਨੂੰ ਇੰਜ ਲੱਗਿਆ ਜਿਵੇਂ ਮੁੰਡੇ ਨੇ ਉਹਦੇ ਦਿਲ ਦੀ ਆਵਾਜ਼ ਸੁਣ ਲਈ ਹੋਵੇ। ਹੜਬੜਾਈ ਕੁੜੀ ਨੂੰ ਕੁਝ ਵੀ ਨਾ ਅਹੁੜਿਆ।

'ਮੈਨੂੰ ਇੰਜ ਲੱਗਿਆ, ਜਿਵੇਂ ਤੁਸੀਂ ਮੈਨੂੰ ਕੁਝ ਕਿਹੈ, ਸੌਰੀ।' ਕਹਿ ਕੇ ਮੁੰਡਾ ਫਿਰ ਅਖ਼ਬਾਰ ਪੜ੍ਹਨ ਲੱਗ ਪਿਆ।

ਪ੍ਰੀਤ ਨਾਰੀ ਸੰਕੋਚ ਨਾਲ ਥੋੜ੍ਹੀ ਝੇਂਪ ਗਈ। 'ਬਾਈ ਦਾ ਵੇਅ, ਤੁਸੀਂ ਵੀ ਟੈੱਸਟ ਦੇਣ ਜਾ ਰਹੇ ਹੋ?' ਪਤਾ ਨਹੀਂ ਇਹ ਸ਼ਬਦ ਪ੍ਰੀਤ ਕਿਵੇਂ ਕਹਿ ਗਈ।

'ਜੀ!' ਮੁੰਡਾ ਇਕ ਅੱਖਰੇ ਜੁਆਬ ਤੋਂ ਅੱਗੇ ਕੁਝ ਨਾ ਬੋਲਿਆ।

'ਬੈਂਕ ਵਿਚ ਪ੍ਰੋਬੇਸ਼ਨਲ ਅਫ਼ਸਰ ਦਾ ਟੈੱਸਟ ਈ ਐ ਨਾਂ?" ਪ੍ਰੀਤ ਦਾ ਦਿਲ ਕਹਿ ਰਿਹਾ ਸੀ ਕਿ ਜੋ ਟੈੱਸਟ ਮੈਂ ਦੇਣ ਜਾ ਰਹੀ ਹਾਂ ਇਹ ਵੀ ਉਹੀ ਟੈੱਸਟ ਦੇਣ ਜਾ ਰਿਹਾ ਹੈ।

'ਜੀ' ਗਲੋਟੇ ਵਾਂਗ ਉਧੜਦੀ ਕੁੜੀ ਵੇਖ ਵੀ ਨੌਜਵਾਨ ਗੁਰਜੀਤ 'ਤੇ ਕੋਈ ਖ਼ਾਸ ਅਸਰ ਨਾ ਹੋਇਆ।

'ਹਾਂ ਜੀ ਬਾਈ ਜੀ ਚੰਡੀਗੜ੍ਹ ਜਾਉਂਗੇ?' ਕੰਡਕਟਰ ਨੇ ਅੰਦਾਜ਼ੇ ਨਾਲ ਹੀ ਗੁਰਜੀਤ ਨੂੰ ਸਣੇ ਮੁਟਿਆਰ ਚੰਡੀਗੜ੍ਹ ਟੈੱਸਟ ਦੇਣ ਜਾਣ ਵਾਲੀਆਂ ਸਵਾਰੀਆਂ ਸਮਝਦਿਆਂ ਕਿਹਾ।

'ਹਾਂ ਜੀ ਬਾਈ ਜੀ, ਨੌਂ ਵਜੇ ਸਤਾਰਾਂ ਸੈੱਕਟਰ ਲਾ ਦਿਉਗੇ ਨਾ?' ਕਹਿੰਦਿਆਂ ਗੁਰਜੀਤ ਨੇ ਪੰਜ ਸੌ ਦਾ ਨੋਟ ਕੰਡਕਟਰ ਵੱਲ ਵਧਾਅ ਦਿੱਤਾ।

'ਚੰਡੀਗੜ੍ਹ ਦੋ ਵੀਰੇ?' ਰੋਜ਼ ਚੱਲਣ ਵਾਲਾ ਕੰਡਕਟਰ ਜਾਣਦਾ ਸੀ ਕਿ ਅਕਸਰ ਨਾਲ ਬੈਠੀ ਕੁੜੀ ਦੀ ਟਿਕਟ ਮੁੰਡਾ ਹੀ ਕਟਾਉਂਦਾ ਹੈ। ਪਰ ਗੁਰਜੀਤ ਨੇ ਚੁੱਪ ਕੀਤਿਆਂ ਅੰਗੂਠੇ ਨਾਲ ਦੀ ਉਂਗਲ਼ ਖੜ੍ਹੀ ਕਰ ਦਿੱਤੀ। ਜਿਸ ਦਾ ਭਾਵ ਉਸ ਦੇ ਇਕੱਲੇ ਹੋਣ ਤੋਂ ਸੀ।

'ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ ਵੇ ਟਿਕਟਾਂ ਦੋ ਲੈ ਲਈਂ,' ਇਕ ਲੋਕ-ਗੀਤ ਦੀਆਂ ਤੁਕਾਂ ਦਿਲ 'ਚ ਸੋਚਦੀ ਪ੍ਰੀਤ ਟਿਕਟ ਲੈਣ ਵਾਸਤੇ ਪਰਸ ਖੋਲ੍ਹਣ ਲੱਗ ਪਈ।

ਗੁਰਜੀਤ ਵੱਲੋਂ ਸਤਾਰਾਂ ਸੈੱਕਟਰ ਪਹੁੰਚਣ ਦਾ ਜੁਆਬ ਦਿੱਤੇ ਬਗ਼ੈਰ ਕੰਡਕਟਰ ਪ੍ਰੀਤ ਨੂੰ ਟਿਕਟ ਅਤੇ ਬਕਾਇਆ ਫੜਾਅ ਹੋਰ ਟਿਕਟਾਂ ਕੱਟਣ ਲੱਗ ਪਿਆ।

ਕੰਡਕਟਰ ਵੱਲੋਂ ਮੋੜਿਆ ਬਕਾਇਆ ਤੇ ਟਿਕਟ ਸੰਭਾਲਦੀ ਪ੍ਰੀਤ ਮੁੰਡੇ ਨੂੰ ਹੌਲ਼ੀ ਦੇਣੇ ਬੋਲੀ, 'ਤੁਹਾਡਾ ਸੈਂਟਰ ਕਿਹੜਾ ਹੈ?' ਪ੍ਰੀਤ ਕਿਵੇਂ ਵੀ ਗੱਲਾਂ ਬਾਤਾਂ ਦਾ ਸਿਲਸਿਲਾ ਮੁੰਡੇ ਨਾਲ ਅੱਗੇ ਤੋਰਨਾ ਚਾਹੁੰਦੀ ਸੀ।

'ਗੌਰਮਿੰਟ ਹਾਈ ਸਕੂਲ ਲੜਕੇ ਸਤਾਰਾਂ ਸੈੱਕਟਰ,' ਕਹਿ ਕੇ ਗੁਰਜੀਤ ਫਿਰ ਮੋਨੀ ਬਾਬਾ ਬਣ ਗਿਆ।

'ਵਾਹ ਓ, ਪ੍ਰੀਤ ਬੱਚਿਆਂ ਵਾਂਗ ਚਹਿਕਦਿਆਂ ਬੋਲੀ, 'ਸਫ਼ਰ ਵਧੀਆ ਰਹੇਗਾ, ਮੇਰਾ ਸੈਂਟਰ ਵੀ ਉਹੀ ਐ, ਤੁਸੀਂ ਮੈਨੂੰ ਸਿਰਫ਼ ਪ੍ਰੀਤ ਕਹਿ ਸਕਦੇ ਹੋ।' ਜਿਸਦਾ ਭਾਵ ਸਪੱਸ਼ਟ ਸੀ ਕਿ ਮੈਂ ਤੇਰੇ ਨਾਲ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਹਾਂ ਤੇ ਸਫ਼ਰ ਵਿਚ ਇਕ-ਦੂਜੇ ਪ੍ਰਤੀ ਜਾਣਕਾਰੀ ਵੀ ਬਹੁਤ ਜ਼ਰੂਰੀ ਹੁੰਦੀ ਹੈ।

'ਜੀ..' ਕਹਿ ਕੇ ਗੁਰਜੀਤ ਸਿਰਫ਼ ਥੋੜ੍ਹਾ ਜਿਹਾ ਮੁਸਕਰਾਇਆ।

'ਥੋਡਾ ਕੋਈ ਨਾਂ ਨਹੀਂ? ਹਰ ਗੱਲ ਦਾ ਜੁਆਬ 'ਜੀ' ਨਹੀਂ ਹੋ ਸਕਦਾ।' ਕੁੜੀ ਜਿਵੇਂ 'ਜੀ' ਤੋਂ ਖਿਝ ਗਈ ਹੋਵੇ ਤੇ ਕਹਿਣਾ ਚਾਹੁੰਦੀ ਹੋਵੇ, 'ਪਹਿਲ ਮੁੰਡੇ ਕਰਦੇ ਹੁੰਦੇ ਨੇ ਡੂੰਨ ਵਟਿਆ।'

'ਜੀ...,ਜੀ ਨਹੀਂ, ਮੇਰਾ ਮਤਲਬ ਹੈ ਪ੍ਰੀਤ ਜੀ, ਨਾਚੀਜ਼ ਨੂੰ ਤੁਸੀਂ ਗੁਰਜੀਤ ਕਹਿ ਸਕਦੇ ਹੋ।'

'ਬੜਾ ਪਿਆਰਾ ਨਾਂ ਹੈ, ਥੋਡੀ ਪੱਗ ਤਾਂ ਬਹੁਤ ਹੀ ਸੁਹਣੀ ਹੈ, ਅੱਜ ਕੱਲ੍ਹ ਜੱਟਾਂ ਦੇ ਮੁੰਡੇ ਤਾਂ ਪੱਗਾਂ ਬੰਨ੍ਹਣੀਆਂ ਭੁੱਲਦੇ ਹੀ ਜਾ ਰਹੇ ਹਨ।' ਕੁੜੀ ਆਪਣੀ ਜਾਤ ਉੱਚੀ ਹੋਣਾ ਵੀ ਚਿਤਾਰ ਗਈ।

'ਜੀ ਥੈਂਕਸ।'

'ਫਿਰ ਜੀ?, ਜੀ ਤੋਂ ਇਲਾਵਾ ਹੋਰ ਕੋਈ ਸ਼ਬਦ ਥੋਨੂੰ ਆਉਂਦਾ ਈ ਨਹੀਂ?' ਪ੍ਰੀਤ ਨੇ ਇੰਜ ਮਿੱਠੀ ਘੂਰੀ ਵੱਟੀ ਜਿਵੇਂ ਉਹ ਇਕ-ਦੂਜੇ ਦੇ ਚਿਰਾਂ ਤੋਂ ਜਾਣੂ ਹੋਣ।

'ਨਹੀਂ ਮੇਰਾ ਮਤਲਬ ਹੈ, ਜੋ ਕੁਝ ਸਾਡੀਆਂ ਅੱਖਾਂ ਵੇਖਦੀਆਂ ਹਨ ਉਹ ਨਜ਼ਰ ਦਾ ਧੋਖਾ ਵੀ ਹੋ ਸਕਦਾ ਹੈ, ਹਰੇਕ ਚਮਕਦਾਰ ਚੀਜ਼ ਸੋਨਾ ਤਾਂ ਨਹੀਂ ਕਹੀ ਜਾ ਸਕਦੀ!' ਸੰਜੀਦਾ ਜੁਆਬ ਦੇ ਕੇ ਮੁੰਡੇ ਨੇ ਆਪਣੀ ਸਿਆਣਪ ਦਾ ਸਬੂਤ ਦਿੱਤਾ।

'ਗੁਰਜੀਤ ਮੈਨੂੰ ਇਹ ਦੱਸੋ ਕਿ ਤੁਸੀਂ ਐੱਮ.ਏ. ਫ਼ਿਲਾਸਫ਼ੀ ਕਰੀ ਐ ਜਾਂ ਇਕਨੌਮਿਕਸ?' ਕੁੜੀ ਨੇ ਹੈਰਾਨਗੀ ਨਾਲ ਮੁੰਡੇ ਵੱਲ ਤੱਕਿਆ।

'ਪ੍ਰੀਤ ਜੀ, ਫ਼ਿਲਾਸਫ਼ੀ ਬਗ਼ੈਰ ਜ਼ਿੰਦਗੀ ਨੂੰ ਸਮਝਣਾ ਬੜਾ ਮੁਸ਼ਕਿਲ ਹੈ,' ਮੁੰਡਾ ਕਹਿਣਾ ਚਾਹੁੰਦਾ ਸੀ,ਬਿਨਾਂ ਜਾਣ-ਪਛਾਣ ਓਪਰਿਆਂ ਨਾਲ ਬਹੁਤਾ ਖੁੱਲ੍ਹਣਾ ਵਾਜਿਬ ਨਹੀਂ ਹੁੰਦਾ।

ਭਾਵੇਂ ਗੁਰਜੀਤ ਬਹੁਤਾ ਖੁਲ੍ਹ ਨਹੀਂ ਰਿਹਾ ਸੀ ਪਰ ਪ੍ਰੀਤ ਉਹਦੇ ਨਾਲ ਆਪਣਿਆਂ ਵਾਂਗ ਗੱਲਾਂ ਕਰਨੀਆਂ ਚਾਹੁੰਦੀ ਸੀ। ਜ਼ਿੰਦਗੀ ਦੇ ਤਲਖ਼ ਤਜਰਬਿਆਂ ਨੇ ਗੁਰਜੀਤ ਨੂੰ ਉਮਰੋਂ ਵੱਧ ਸਿਆਣਾ ਬਣਾ ਦਿੱਤਾ ਸੀ। ਉਹ ਪ੍ਰੀਤ ਨਾਲ ਸਫ਼ਰ ਵਿਚ ਇਸ ਮੁਲਾਕਾਤ ਨੂੰ ਮਹਿਜ਼ ਇਕ ਇਤਫ਼ਾਕ ਤੋਂ ਵੱਧ ਮਹੱਤਵ ਨਹੀਂ ਦੇ ਰਿਹਾ ਸੀ।ਕੁੜੀ ਦੇ ਦਿਲ ਦੀ ਭਾਵਨਾ ਵੀ ਭਲੀ-ਭਾਂਤ ਸਮਝ ਰਿਹਾ ਸੀ। ਗੁਰਜੀਤ ਇਕ ਦਲਿਤ ਕਾਮੇ ਪਰਿਵਾਰ ਨਾਲ ਸਬੰਧ ਰਖਦਾ ਸੀ। ਕਿਰਤ ਨਾਲ ਜੁੜੇ ਬਾਪ ਤੋਂ ਸਿੱਖੀ ਉਸ ਨੂੰ ਵਿਰਾਸਤ ਵਿਚ ਮਿਲੀ ਸੀ। ਜਨਮ ਤੋਂ ਹੀ ਉਸਦਾ ਖੱਬਾ ਪੈਰ ਵਿੰਗਾ ਸੀ। ਡਾਕਟਰਾਂ ਮੁਤਾਬਕ ਵੱਡਾ ਹੋ ਕੇ ਅਪਰੇਸ਼ਨ ਤੋਂ ਬਾਅਦ ਠੀਕ ਹੋਣ ਦੀ ਉਮੀਦ ਸੀ। ਪਰ ਬਾਪ ਦੀ ਕਮਾਈ ਸਰਾਲ਼ ਵਾਂਗ ਮੂੰਹ ਅੱਡੀ ਘਰ ਦੀਆਂ ਲੋੜਾਂ ਦਾ ਹੀ ਢਿੱਡ ਭਰਦੀ ਰਹੀ, ਬੱਚੇ ਗੁਰਜੀਤ ਦੇ ਪੈਰ ਦਾ ਅਪਰੇਸ਼ਨ ਕਰਉਣ ਦੀ ਪਹੁੰਚ ਨਾ ਪਈ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਵਜੀਫ਼ਾ ਪ੍ਰਾਪਤ ਕਰਕੇ ਆਪਣਾ ਬੋਝ ਉਸ ਨੇ ਆਪ ਚੁੱਕ ਲਿਆ ਸੀ। ਘਰ ਵਿਚ ਹਮੇਸ਼ਾ ਲਵੇਰਾ ਰਹਿਣ ਕਰਕੇ ਉਹ ਆਪਣੇ ਹਾਣੀਆਂ ਨਾਲੋਂ ਸਰੀਰੋਂ ਵੀ ਤਕੜਾ ਸੀ। ਸਕੂਲੀ ਖੇਡਾਂ ਵਿਚ ਹਿੱਸਾ ਲੈਣ ਕਰਕੇ ਵੀ ਗੁਰਜੀਤ ਅਧਿਆਪਕਾਂ ਦਾ ਚਹੇਤਾ ਸੀ। ਨੈਸ਼ਨਲ ਕਬੱਡੀ ਵਿਚ ਤਾਂ ਉਹ ਰੇਡਰ ਦਾ ਗਿੱਟਾ ਫੜ ਕੇ ਰੋਪੜੀ ਜਿੰਦਰਾ ਬਣ ਜਾਂਦਾ। ਹਰੇਕ ਖਿਡਾਰੀ ਇਕ ਅਪੰਗ ਦੇ ਹੱਥੋਂ ਫੜੇ ਜਾਣ ਨੂੰ ਆਪਣੀ ਹੱਤਕ ਸਮਝਦਾ। ਪਰ ਉਹ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਘੱਟ ਕਿਵੇਂ ਵੀ ਨਾ ਸਮਝਦਾ। ਦਸਵੀਂ ਤੋਂ ਬਾਅਦ ਉਸ ਦੇ ਪਿਤਾ ਨੇ ਕਈ ਵਾਰ ਕਿਹਾ ਸੀ, 'ਕਮਲਿਆ ਅਪਾਹਜ ਦਾ ਪ੍ਰਮਾਣ ਪੱਤਰ ਬਣਵਾ ਲੈ, ਗੌਰਮਿੰਟ ਅਪਾਹਜਾਂ ਨੂੰ ਨੌਕਰੀ ਪਹਿਲ ਦੇ ਆਧਾਰ 'ਤੇ ਦੇਂਦੀ ਹੈ!'

ਸਵੈ-ਭਰੋਸੇ ਨਾਲ ਲਬਰੇਜ਼ ਗੁਰਜੀਤ ਨੇ ਆਪਣੇ-ਆਪ ਨੂੰ ਅਪਾਹਜ ਕਦੀ ਸਮਝਿਆ ਹੀ ਨਹੀਂ ਸੀ। ਕਾਮਯਾਬੀ ਦੀਆਂ ਪੌੜੀਆਂ ਚੜ੍ਹਦਾ ਉੱਚੀ ਵਿੱਦਿਆ ਤੋਂ ਬਾਅਦ ਨਿਸ਼ਾਨੇ ਦੀ ਪ੍ਰਾਪਤੀ ਹਿਤ ਉਹ ਅੱਜ ਬੈਂਕਿੰਗ ਦੇ ਇਮਤਿਹਾਨ ਲਈ ਜਾ ਰਿਹਾ ਸੀ।

ਬੱਸ ਲੁਧਿਆਣੇ ਬੱਸ ਅੱਡੇ ਵਿਚ ਆ ਕੇ ਰੁਕੀ। ਕੁਝ ਸਵਾਰੀਆਂ ਉਤਰੀਆਂ ਕੁਝ ਚੜ੍ਹੀਆਂ ਵੀ। ਸਵਾਰੀਆਂ ਦੇ ਨਾਲ ਹੀ ਇਕ ਕਾਲ਼-ਕਲ਼ੂਟਾ ਜਿਹਾ ਛੱਲੇ-ਮੁੰਦੀਆਂ ਵੇਚਣ ਵਾਲਾ ਤਾਰ ਦੇ ਰਿੰਗ ਅਤੇ ਦੋਵਾਂ ਹੱਥਾਂ ਦੀਆਂ ਸਾਰੀਆਂ ਉਂਗਲ਼ਾਂ ਵਿਚ ਛੱਲੇ ਪਾਈ ਚੜ੍ਹਿਆ। ਬੱਸ ਦੀ ਛੱਤ ਨੂੰ ਠਕੋਰਦਾ ਸਵਾਰੀਆਂ ਨੂੰ ਸੰਬੋਧਨ ਹੋਇਆ, 'ਬਾਈ ਜੀ ਦੋ ਮਿੰਟ ਬੱਸ ਰੁਕਣੀ ਐ, ਮੈਂ ਥੋਡਾ ਇਕ ਮਿੰਟ ਲੈਣੈ, ਬਾਈ ਜੀ ਰਿੱਧੀਆਂ-ਸਿੱਧੀਆਂ ਦੇ ਮਾਲਕ ਪੰਡਿਤ ਸੋਧਨਾਥ ਜੀ ਵੱਲੋਂ ਬੜੀ ਸਾਧਨਾ ਕਰਕੇ ਸੋਧੇ ਹੋਏ ਕੁਝ ਨਗ ਥੋਡੀ ਨਜ਼ਰ ਹਨ, ਆਹ ਫ਼ਿਰੋਜ਼ੀ ਮੂੰਗਾ ਪਹਿਨ ਕੇ ਕਿਧਰੇ ਵੀ ਜਾਓ ਕੰਮ ਪੱਕਾ ਬਣੂ, ਆਹ ਮੁੰਦੀ ਤਾਂ ਗੁਰੂ ਜੀ ਨੇ ਵਿਸ਼ੇਸ਼ ਨੌਕਰੀ ਵਾਸਤੇ ਹੀ ਸੋਧੀ ਹੈ, ਤੁਸੀਂ ਬਣਾਉਣ ਜਾਉਂਗੇ ਦੋ-ਢਾਈ ਹਜ਼ਾਰ ਤੋਂ ਘੱਟ ਖ਼ਰਚਾ ਨਹੀਂ ਆਏਗਾ, ਗੁਰੂ ਜੀ ਨੇ ਮਸ਼ਹੂਰੀ ਅਤੇ ਸੇਵਕਾਂ ਦੀ ਸਹੂਲਤ ਵਾਸਤੇ ਇਸ ਦੀ ਕੀਮਤ ਸਿਰਫ਼ ਪੰਜਾਹ ਰੁਪਏ ਰੱਖੀ ਹੈ। 'ਆਇਆ ਵੀਰ ਜੀ, ਪੰਜਾਹ ਰੁਪਏ, ਪੰਜਾਹ ਰੁਪਏ, ਜਿਸ ਨੂੰ ਵੀ ਲੋੜ ਹੋਵੇ 'ਵਾਜ਼ ਮਾਰ ਕੇ ਲੈ ਸਕਦਾ ਹੈ' ਬੋਲਦਾ ਪਿਛਲੀ ਬਾਰੀ ਵੱਲ ਨੂੰ ਵਧਣ ਲੱਗਾ।

ਮੂੰਗੇ-ਮੁੰਦੀਆਂ ਵਾਲੇ ਦੇ ਪਿੱਛੇ-ਪਿੱਛੇ ਹੀ ਭਾਫ਼ਾਂ ਛੱਡਦੀ ਕੇਤਲੀ ਤੇ ਥਰਮੋਕੋਲ ਦੇ ਗਲਾਸ ਫੜੀ ਇਕ ਚਾਹ ਵੇਚਣ ਵਾਲਾ 'ਚਾਹ..ਚਾਹ..' ਕਰਦਾ ਬੱਸ ਵਿਚ ਦਾਖ਼ਲ ਹੋਇਆ। ਉਸਨੇ ਪਹਿਲਾ ਗਲਾਸ ਚਾਹ ਦਾ ਭਰ ਕੇ ਨਾਂਹ-ਨਾਂਹ ਕਰਦੇ ਡਰਾਈਵਰ ਨੂੰ ਫੜਾਇਆ। ਡਰਾਈਵਰ ਵੱਲੋਂ ਮੁਫ਼ਤ ਦੀ ਚਾਹ ਪੀਂਦਿਆਂ, 'ਮੂੰਹ ਖਾਏ ਤੇ ਅੱਖਾਂ ਸ਼ਰਮਾਉਣ' ਦੇ ਅਖਾਣ ਅਨੁਸਾਰ ਬੱਸ ਦਾ ਪੰਜ ਮਿੰਟ ਹੋਰ ਰੁਕਣਾ ਤੈਅ ਸੀ। ਗੁਰਜੀਤ ਨੇ ਵੀ ਸ਼ਿਸ਼ਟਾਵਾਰ ਵਜੋਂ ਚਾਹ ਦੇ ਦੋ ਗਲਾਸ ਭਰਵਾ ਲਏ। ਪ੍ਰੀਤ ਨੇ ਗਰਮ ਚਾਹ ਸੁੜਾਕਦਿਆਂ ਕਿਹਾ, 'ਗੁਰਜੀਤ ਤੁਸੀਂ ਅਜਿਹੇ ਮੂੰਗੇ ਮੁੰਦੀਆਂ 'ਚ ਵਿਸਵਾਸ਼ ਰਖਦੇ ਹੋ?'

'ਬਿਲਕੁਲ ਨਹੀਂ,' ਕਹਿੰਦਿਆਂ ਗੁਰਜੀਤ ਨੇ ਚਾਹ ਦਾ ਘੁੱਟ ਭਰਿਆ।

'ਮੈਨੂੰ ਲੱਗਦੈ ਤੁਸੀਂ ਪੱਕੇ ਨਾਸਤਿਕ ਹੋ' ਪ੍ਰੀਤ ਵੀ ਖਿਝਦਿਆਂ ਵਾਂਗ ਬੋਲੀ।

**(ਜਾਰੀ)**

## ਪੁਸਤਕ ਚਰਚਾ

ਖ਼ੁਸ਼ਵੰਤ ਸਿੰਘ ਨੂੰ ਸਾਰਾ ਜੱਗ ਜਾਣਦਾ ਹੈ। ਉਸ ਬਾਰੇ ਕੋਈ ਭੂਮਿਕਾ ਬੰਨ੍ਹਣ ਦੀ ਲੋੜ ਨਹੀਂ ਹੈ। ਉਸ ਦੀਆਂ ਲਿਖਤਾਂ, ਉਸ ਦੀ ਸੋਚ, ਉਸ ਦੀ ਵਿਚਾਰਧਾਰਾ, ਉਸ ਦੇ ਚਿੰਤਨ ਅਤੇ ਉਸ ਦੇ ਜੀਵਨ ਦ੍ਰਿਸ਼ਟੀਕੋਣ ਦੀ ਭਰਪੂਰ ਸਾਹਦੀ ਭਰਦੀਆਂ ਹਨ। ਉਸ ਨੇ ਹੁਣ ਤਕ ਅਜਿਹਾ ਕੁਝ ਨਹੀਂ ਲਿਖਿਆ ਜਿਸ ਨੂੰ ਕਿਸੇ ਨੇ ਪੜ੍ਹਿਆ ਨਾ ਹੋਵੇ।

ਵਿਚਾਰ ਅਧੀਨ ਪੁਸਤਕ ਵਿਚ ਉਸ ਦੇ ਕੋਲ ਇਕਾਹਟ ਆਰਟੀਕਲ ਹਨ ਜਿਨ੍ਹਾਂ ਵਿੱਚੋਂ 58 ਵਿਸ਼ੇਸ਼ ਵਿਅਕਤੀਆਂ ਬਾਰੇ ਹਨ ਜਿਨ੍ਹਾਂ ਦਾ ਸਮਾਜ, ਰਾਜਨੀਤੀ, ਸਾਹਿਤ ਜਾਂ ਕਿਸੇ ਵੀ ਖੇਤਰ ਵਿਚ ਵੱਡਾ ਨਾਮ ਹੈ। ਤਿੰਨ ਲੇਖਾਂ ਵਿੱਚੋਂ ਇਕ ਭਾਰਤੀ ਪਿੰਡ ਬਾਰੇ ਹੈ, ਇਕ 'ਚ ਕਾਲ ਦਾ ਚਿੱਤਰਣ ਕੀਤਾ ਗਿਆ ਹੈ ਤੇ ਆਖ਼ਰੀ ਆਰਟੀਕਲ ਭਾਰਤੀ ਔਰਤਾਂ ਬਾਰੇ ਹੈ। ਜਿਨ੍ਹਾਂ 58 ਵਿਸ਼ੇਸ਼ ਵਿਅਕਤੀਆਂ ਦਾ ਸੰਖੇਪ ਪਰ ਭਾਵਪੂਰਤ ਜ਼ਿਕਰ ਖ਼ੁਸ਼ਵੰਤ ਸਿੰਘ ਨੇ ਕੀਤਾ ਹੈ ਉਨ੍ਹਾਂ ਵਿਚ ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ, ਜਵਾਹਰ ਲਾਲ ਨਹਿਰੂ, ਫ਼ਿਰਾਕ ਗੋਰਖਪੁਰੀ, ਕ੍ਰਿਸ਼ਨਾ ਮੈਨਨ, ਕੇ.ਐੱਲ ਗੌਬਾ, ਲੁਇਸ ਮਾਊਂਟਬੈਟਨ, ਗੋਪਾਲ ਦਾਸ ਖੋਸਲਾ, ਭਗਤ ਪੂਰਨ ਸਿੰਘ, ਮੁਲਕ ਰਾਜ ਆਨੰਦ, ਐੱਮ ਹਿਦਾਇਤਉੱਲਾ, ਮਾਧਵ ਸਦਾਸ਼ਿਵ ਗੋਲਵਲਕਰ, ਪ੍ਰੇਮ ਨਾਥ ਕਿਰਪਾਲ, ਮਦਰ ਟੈਰੇਸਾ, ਫ਼ੈਜ਼ ਅਹਿਮਦ ਫ਼ੈਜ਼, ਅਲੀ ਸਰਦਾਰ ਜਾਫ਼ਰੀ, ਅੰਮ੍ਰਿਤਾ ਸ਼ੇਰਗਿੱਲ ਵਿਸ਼ੇਸ਼ ਹਨ।




ਇਨ੍ਹਾਂ ਵਿਅਕਤੀ ਚਿੱਤਰਾਂ ਦੀ ਖ਼ਾਸੀਅਤ ਇਹ ਹੈ ਕਿ ਇਨ੍ਹਾਂ ਸਬੰਧਿਤ ਵਿਅਕਤੀਆਂ ਬਾਰੇ ਲਿਖੀਆਂ ਗੱਲਾਂ ਤਕਰੀਬਨ ਨਵੀਆਂ ਹਨ ਤੇ ਕਿਤੇ-ਕਿਤੇ ਹੈਰਾਨੀਜਨਕ ਵੀ ਹਨ। ਮਿਸਾਲ ਵਜੋਂ ਪੁਸਤਕ ਦੇ ਪੰਨਾ ਨੰ. 190 'ਤੇ ਜਦੋਂ ਲੇਖਕ ਸਰਧਾ ਮਾਤਾ ਬਾਰੇ ਲਿਖਦਾ ਹੈ ਤਾਂ ਆਰੰਭਿਕ ਪੈਰੇ ਵਿਚ ਲਿਖਦਾ ਹੈ ਕਿ, 'ਇਹ ਅਰਧ ਮਾਸਿਕ ਰਸਾਲੇ 'ਨਿਊ ਦਿੱਲੀ' ਦੇ ਮੇਰੇ ਸੰਪਾਦਕ ਹੋਣ ਵੇਲੇ ਸੀ, ਜਦੋਂ ਮੈਂ ਪਹਿਲੀ ਵਾਰ ਸਰਧਾ ਮਾਤਾ ਨੂੰ ਮਿਲਿਆ। ਮੈਂ, ਇਸ ਤਾਂਤਰਿਕ ਸਾਧਵੀ ਉਪਰ ਲੰਮਾ ਲੇਖ ਵਿਸ਼ੇਸ਼ ਤੌਰ 'ਤੇ ਲਿਖਿਆ ਸੀ। ਐੱਮਓ ਮਥਾਈ ਅਨੁਸਾਰ ਇਸ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਨਜਾਇਜ਼ ਔਲਾਦ ਨੂੰ ਜਨਮ ਦਿੱਤਾ ਸੀ।

ਸਾਰੀ ਪੁਸਤਕ ਦਿਲਚਸਪ ਹੈ ਤੇ ਇਸ ਦਾ ਅੱਖਰ-ਅੱਖਰ ਪੜ੍ਹਨ ਵਾਲਾ ਹੈ।

• ਹਰਮੀਤ ਸਿੰਘ ਅਟਵਾਲ

ਹੱਥਲੀ ਪੁਸਤਕ ਸਰਕਾਰੀ ਕਾਲਜ ਮੁਕਤਸਰ ਸਾਹਿਬ ਤੋਂ ਸੇਵਾ ਮੁਕਤ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪ੍ਰੋ. ਲੋਕ ਨਾਥ ਦੀਆਂ ਜੀਵਨ ਯਾਦਾਂ ਦਾ ਹੁਸੀਨ ਗੁਲਦਸਤਾ ਹੈ। ਲੇਖਕ ਦੀਆਂ ਜੀਵਨ ਯਾਦਾਂ ਅਥਵਾ ਸਵੈਜੀਵਨੀ ਦੀ ਇਹ ਦੂਸਰੀ ਕਿਤਾਬ ਹੈ। ਇਸ ਤੋਂ ਪਹਿਲਾਂ ਲੋਕ ਨਾਥ ਵਾਇਆ ਤਰਸਿਕਾ ਜੀਵਨ ਯਾਦਾਂ ਛਪ ਚੁੱਕੀ ਹੈ। ਇਹ ਕਿਤਾਬ ਉਸੇ ਲੜੀ ਨੂੰ ਅੱਗੇ ਤੋਰਦੀ ਹੈ। ਇਸ ਤੋਂ ਇਲਾਵਾ ਉਸ ਦੇ ਤਿੰਨ ਕਾਵਿ ਸੰਗ੍ਰਹਿ ਤੇ ਇਕ ਕਿਤਾਬ ਵਿਅਕਤੀ ਚਿੱਤਰਾਂ ਦੀ ਹੈ। ਵਿਛੜੇ ਸ਼ਾਇਰਾਂ ਪਾਸ਼ ਤੇ ਅਮਿਤੋਜ ਨੂੰ ਸਮਰਪਿਤ ਕਿਤਾਬ ਦੇ ਛੋਟੇ ਵੱਡੇ ਵੀਹ ਕਾਂਡ ਹਨ। ਲੇਖਕ ਦਾ ਜਨਮ ਪਿੰਡ ਚਵਿੰਡਾ ਦੇਵੀ (ਅੰਮ੍ਰਿਤਸਰ) ਦਾ ਹੈ। ਖੇਮਕਰਨ ਤੇ ਤਰਸਿਕਾ ਪਿੰਡਾਂ ਵਿਚ ਲੇਖਕ ਦਾ ਬਚਪਨ ਬੀਤਿਆ। ਪਹਿਲੇ 1-5 ਕਾਂਡਾਂ ਵਿਚ ਮੁੱਢਲੀ ਸਿੱਖਿਆ ਦਾ ਜ਼ਿਕਰ , ਪਿਤਾ ਦੀਨਾ ਨਾਥ ਅੰਗਰੇਜ਼ੀ ਅਧਿਆਪਕ ਰਹੇ ਤੇ ਇਲਾਕੇ 'ਚ ਚੰਗਾ ਪ੍ਰਭਾਵ ਸੀ। ਦਾਦਾ ਰਾਮ ਕਿਸ਼ਨ, ਦਾਦੀ ਠਾਕਰੀ, ਭੈਣ ਕਮਲੇਸ਼, ਭਰਾ ਪ੍ਰੇਮ ਸਾਗਰ ਤੇ ਹੋਰ ਬਚਪਨ ਦੇ ਦੋਸਤਾਂ ਮਿੱਤਰਾਂ ਦਾ ਜ਼ਿਕਰ ਹੈ। ਲੇਖਕ ਨੇ ਛੇਵੀਂ 1961 ਵਿਚ ਕੀਤੀ ਸੀ। ਨੌਵੀਂ ਖ਼ਾਲਸਾ ਹਾਈ ਸਕੂਲ ਤੋਂ ਜਿਨ੍ਹਾਂ ਅਧਿਆਪਕਾਂ ਤੋਂ ਇਹ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਦਾ ਪੂਰਾ ਵੇਰਵਾ ਕਿਤਾਬ ਵਿਚ ਹੈ। ਲੇਖਕ ਨੇ ਬਚਪਨ ਤੋਂ ਸੰਘਰਸ਼ ਕੀਤਾ। ਮੁਕਤਸਰ ਕਾਲਜ ਵਿਚ ਅਧਿਆਪਨ ਸਮੇਂ ਦਾ ਜ਼ਿਕਰ ਹੈ। ਕਾਲਜ ਦੇ ਸਾਥੀ




ਅਧਿਆਪਕਾਂ ਤੇ ਪ੍ਰਿੰਸੀਪਲ, ਸੇਵਾਦਾਰ ਤੇ ਦਫ਼ਤਰੀ ਸਟਾਫ ਦਾ ਸੁਭਾਅ, ਰੁਚੀਆਂ ਤੇ ਲੇਖਕ ਦੀ ਸ਼ਖ਼ਸੀਅਤ ਤੇ ਸਾਰਿਆਂ ਦੇ ਜੋ ਪ੍ਰਭਾਵ ਪਏ। ਉਸ ਦਾ ਸੰਵੇਦਨਸ਼ੀਲ ਜ਼ਿਕਰ ਕਿਤਾਬ ਵਿਚ ਹੈ।

ਲੇਖਕ ਦੀ ਸ਼ਾਦੀ, ਬੇਟੇ ਦਾ ਜਨਮ, ਸਿੱਖਿਆ, ਨੌਕਰੀ, ਵਿਦੇਸ਼ ਜਾਣਾ, ਵਿਸ਼ਵ ਪੰਜਾਬੀ ਕਾਨਫਰੰਸ ਵਿਚ ਲੇਖਕ ਦੀ ਮਾਣਮਤੀ ਹਾਜ਼ਰੀ, ਨੌਕਰੀ ਦੌਰਾਨ ਲਾਏ ਰਿਫਰੈਸਰ ਕੋਰਸ, ਪ੍ਰੋ. ਵਿਸ਼ਵਾ ਨਾਥ ਤਿਵਾੜੀ ਦਾ ਕਤਲ, ਪੰਜਾਬ ਦਾ ਕਾਲਾ ਦੌਰ, ਸਮਕਾਲੀ ਸਾਹਿਤਕਾਰਾਂ ਨਾਲ ਲੇਖਕ ਦੀਆਂ ਹੁਸੀਨ ਯਾਦਾਂ ਪੜ੍ਹ ਕੇ ਭਰਪੂਰ ਸਾਹਿਤਕ ਜਾਣਕਾਰੀ ਮਿਲਦੀ ਹੈ। ਪੁਸਤਕ ਪੜ੍ਹਨ ਵਾਲੀ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

ਸੁਰਿੰਦਰ ਸੰਧੂ ਆਪਣੇ ਪਲੇਠੇ ਕਾਵਿ ਸੰਗ੍ਰਹਿ 'ਰੂਹ ਦੀ ਆਵਾਜ਼' ਨਾਲ ਪਾਠਕਾਂ ਦੇ ਰੂਬਰੂ ਹੋਈ ਹੈ। ਪੁਸਤਕ ਦੀਆਂ 52 ਕਵਿਤਾਵਾਂ ਪੜ੍ਹਨ ਮਗਰੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਕਵਿਤਰੀ ਇਕ ਸੰਵੇਦਨਸ਼ੀਲ ਤੇ ਸੂਖਮ ਭਾਵੀ ਮਹਿਲਾ ਹੈ ਜਿਹੜੀ ਆਪਣੇ ਆਲੇ ਦੁਆਲੇ ਦੇ ਪਸਾਰੇ ਨੂੰ ਸਮੱਸਿਆਵਾਂ ਅਤੇ ਮਾਨਵੀ ਸਰੋਕਾਰਾਂ ਨੂੰ ਬੜੀ ਬਰੀਕੀ ਨਾਲ ਵੇਖਦੀ, ਪਰਖਦੀ, ਸੁਣਦੀ ਅਤੇ ਸਮਝਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ, ਕਿਸਾਨ, ਪਰਵਾਸ, ਅਜੋਕੇ ਯੁੱਗ ਦੀ ਹੋਣੀ, ਪਰਿਵਾਰ, ਸੰਸਕਾਰ, ਸਿੱਖਿਆ, ਨਸ਼ਿਆਂ, ਪੰਜਾਬ ਤੇ ਪੰਜਾਬੀਅਤ, ਪ੍ਰੀਤ ਪਿਆਰ, ਜਬਰ ਜਿਨਾਹ, ਪਿੰਡ ਦੀ ਰਹਿਤਲ ਬਹਿਤਲ, ਸਮਾਜ ਦੀ ਦਸ਼ਾ ਤੇ ਦਿਸ਼ਾ, ਜ਼ਿੰਦਗੀ ਦੇ ਕਈ ਹੋਰ ਸਰੋਕਾਰਾਂ ਦੀ ਗੱਲ ਕੀਤੀ ਗਈ। ਵਿਸ਼ਿਆਂ ਦੀ ਚੋਣ ਸਮਕਾਲਿਕ ਹੈ। ਇਨ੍ਹਾਂ ਦਾ ਨਿਭਾਅ ਹੀ ਰਚਨਾ ਨੂੰ ਮੌਲਿਕਤਾ ਅਤੇ ਵਿਲੱਖਣਤਾ ਹੋਣ ਦਾ ਮਾਣ ਬਖ਼ਸ਼ਦਾ ਹੈ।

ਅਜੋਕਾ ਸਮਾਜ, ਸਾਡਾ ਰਾਜਸੀ ਪ੍ਰਬੰਧ, ਸੰਸਕ੍ਰਿਤੀ, ਸਦਾਚਾਰ, ਫਿਰਕਾਪ੍ਰਸਤੀ, ਜਾਤਪਾਤ, ਰਾਜਸੀ ਭ੍ਰਿਸ਼ਟਾਚਾਰ, ਅਤਿਆਚਾਰ ਅਤੇ ਹਰ ਤਰ੍ਹਾਂ ਦੀ ਭ੍ਰਿਸ਼ਟਾਚਾਰ ਤੇ ਸ਼ੋਸ਼ਣ ਜਿਨ੍ਹਾਂ ਨੂੰ ਕਵਿਤਰੀ ਨੇ ਆਪਣੀਆਂ ਰਚਨਾਵਾਂ ਵਿਚ ਉਠਾਇਆ ਹੈ, ਇਨ੍ਹਾਂ ਦੀ ਗ਼ਲਤ ਬਿਆਨੀ ਕੀਤੀ ਗਈ ਹੈ। ਜੋ ਯਥਾਰਥਮਈ ਅਤੇ ਮਾਰਮਿਕ ਹੈ। ਇਨ੍ਹਾਂ




ਪਿਛਲੇ ਕਾਰਨਾਂ, ਇਨ੍ਹਾਂ ਦੀਆਂ ਪਰਤਾਂ ਫਰੋਲਣ ਦਾ ਕੰਮ ਵੀ ਕੀਤਾ ਜਾਂਦਾ ਤਾਂ ਰਚਨਾਵਾਂ ਹੋਰ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੀਆਂ ਸਨ। ਹਰੇਕ ਕਵੀ/ਲੇਖਕ ਵਾਂਗ ਕਵਿਤਰੀ ਨੇ ਵੀ ਇਕ ਸੱਚੇ ਸੁੱਚੇ ਤੰਦਰੁਸਤ ਸਮਾਜ ਦੀ ਕਲਪਨਾ ਕੀਤੀ ਹੈ। ਜੋ ਸੰਗ੍ਰਹਿ ਦੀ ਸਕਾਰਾਤਮਕਤਾ ਵੱਲ ਸੰਕੇਤ ਕਰਦੀ ਹੈ। ਕਵਿਤਰੀ ਦੀ ਸੋਚ ਹਾਂ ਪੱਖੀ ਅਤੇ ਅਗਾਂਹਵਧੂ ਹੈ, ਜੋ ਕਈ ਕਵਿਤਾਵਾਂ ਵਿੱਚੋਂ ਸਪਸ਼ਟ ਝਲਕਦੀ ਹੈ। ਆਪਣੀ ਸਰਲਤਾ, ਸਹਿਜਤਾ, ਸੰਖੇਪਤਾ ਅਤੇ ਸਮਕਾਲੀ ਵਿਸ਼ਿਆਂ ਕਰਕੇ, ਪਾਠਕ ਇਨ੍ਹਾਂ ਕਵਿਤਾਵਾਂ ਵਿਚਲਾ ਸੰਦੇਸ਼ ਆਸਾਨੀ ਨਾਲ ਗ੍ਰਹਿਣ ਕਰਦੇ ਹਨ। ਹਰੇਕ ਕਵਿਤਾ ਨਾਲ ਢੁੱਕਵਾਂ ਚਿੱਤਰ ਵੀ ਦਿੱਤਾ ਗਿਆ ਹੈ।

• ਡਾ. ਧਰਮ ਪਾਲ ਸਾਹਿਲ

ਲੇਖਿਕਾ 'ਜੱਸੀ ਧਾਲੀਵਾਲ' ਮੂਲੋਂ ਹੀ ਨਵੀਂ ਲੇਖਕ ਹੈ। 'ਦੇਸਣ' ਉਸ ਦੀ ਪਹਿਲੀ ਪੁਸਤਕ ਹੈ। ਇਸ ਪੁਸਤਕ ਵਿਚ ਯਾਦਾਂ ਨੁਮਾ ਰਚਨਾਵਾਂ ਹਨ। ਲੇਖਿਕਾ ਇਸ ਨੂੰ ਜੋ ਦੇਖਿਆ ਜਾਂ ਸਮਝਿਆ ਉਸ ਦਾ ਨਿਚੋੜ ਦੱਸਦੀ ਹੈ। ਇਸ ਵਿਚ ਕੁੱਲ ਅਠੱਤੀ ਸਿਰਲੇਖਾਂ ਅਧੀਨ ਰਚਨਾਵਾਂ ਦਰਜ ਹਨ ਜੋ ਉਸ ਦੇ ਚੁਗਿਰਦੇ ਵਿਚ ਵਾਪਰੀਆਂ ਘਟਨਾਵਾਂ ਦਾ ਹਰਫ਼ੀ ਰੂਪ ਹਨ। ਸਮੁੱਚੀ ਪੁਸਤਕ ਵਿਚ ਦੋ ਵਿਸ਼ੇ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ ਹੈ- ਪਿਆਰ (ਵਨ ਸਾਈਡਡ ਲਵ)। ਲੇਖਿਕਾ ਤਕਰੀਬਨ ਹਰ ਥਾਂ ਔਰਤ ਦੇ ਮਰਦ ਪ੍ਰਤੀ ਇਕ ਪਾਸੜ ਤੇ ਅਧੂਰੇ ਪਿਆਰ ਦੀ ਘਟਨਾ ਛੋਂਹਦੀ ਹੈ ਜਿਸ ਦਾ ਪ੍ਰੇਮੀ ਕਿਧਰੇ ਵੀ ਹਾਂ ਪੱਖੀ ਜੁਆਬ ਨਹੀਂ ਦਿੰਦਾ। ਇਸਤਰੀ ਇਸੇ ਕਾਰਨ ਉਦਾਸੀ ਤੇ ਨਿਰਾਸ਼ਾ ਵਿਚ ਘੁੰਮਦੀ ਹੈ।

ਦੂਜਾ ਵਿਸ਼ਾ ਪ੍ਰਦੇਸਾਂ ਵਿਚ ਜੀਵਨ ਨਾਲ ਜੁੜਿਆ ਹੋਇਆ ਹੈ। ਕਿਉਂਕਿ ਲੇਖਿਕਾ ਆਸਟਰੇਲੀਆ 'ਚ ਹੈ ਇਸ ਲਈ ਉਸ ਉੱਥੇ ਜਾ ਕੇ ਪੰਜਾਬੀ ਮੁੰਡੇ-ਕੁੜੀਆਂ ਦਾ ਵਿਆਹ, ਪਿਆਰ ਕਿਹੋ ਜਿਹੇ ਰੰਗ ਦਿਖਾਉਂਦਾ ਹੈ ਇਸ ਦਾ ਅਨੁਭਵ ਪੇਸ਼ ਕੀਤਾ ਹੈ। ਵਿਦੇਸ਼ਾਂ ਵਿਚ ਜਾ ਰਹੇ/ ਜਾ ਚੁੱਕੇ ਮੁੰਡੇ-ਕੁੜੀਆਂ ਲਈ ਇਹ ਨਸੀਹਤ ਹੈ। ਪਰਵਾਸ ਦੇ ਕੰਮ-ਕਾਰ ਦਾ ਜ਼ਿਕਰ ਹੈ। ਕਿਧਰੇ-ਕਿਧਰੇ ਚੰਨ, ਤਾਰੇ ਅਤੇ ਪੂਰਨਮਾਸ਼ੀ ਰਾਹੀਂ ਕੁਦਰਤ ਦੀ ਛਾਇਆ ਹੇਠ ਆਪਣੀ ਗੱਲ ਕੀਤੀ ਹੈ। ਬਚਪਨ, ਮਾਪੇ ਤੇ ਪੇਂਡੂ ਪੰਜਾਬ ਦੀਆਂ ਯਾਦਾਂ ਵੀ ਹਨ। ਨਖ਼ਰੋ, ਮਾਰੀ, ਉਮਰਾਂ




ਦੇ ਸਾਥੀ, ਫ਼ੌਜੀ, ਗ਼ਲਤ ਫ਼ਹਿਮੀ ਤੇ ਹੱਡ ਬੀਤੀ ਵਰਗੇ ਬਿਰਤਾਂਤ ਲੰਮੇ ਕੈਨਵਸ ਦੇ ਵਿਸ਼ੇ ਬਣ ਸਕਦੇ ਹਨ। ਮੇਹਰ ਤੇ ਨਸ਼ਾ ਵੀ ਏਵੇਂ ਹਨ। ਲੇਖਿਕਾ ਕੋਲ ਸੰਬੋਧਨੀ ਤੇ ਮਨਬਚਨੀ ਵਾਲੀ ਕਾਵਿ-ਮਈ ਸ਼ੈਲੀ ਹੈ। ਰੌਚਿਕਤਾ ਹੈ। ਪਾਠਕ ਨੂੰ ਕੀਲਣ ਦੀ ਤੇ ਨਾਲ ਤੋਰਨ ਦੀ ਸ਼ਕਤੀ ਹੈ। ਵਿਦੇਸ਼ ਵੱਸਣ ਕਰਕੇ ਅੰਗੇਰਜ਼ੀ ਦੀ ਭਰਮਾਰ ਹੈ। ਵਾਕ-ਬਣਤਰ ਅਤੇ ਸ਼ਾਬਦਿਕ ਅਸ਼ੁੱਧੀਆਂ ਅਣਗਿਣਤ ਹਨ। ਕਿਧਰੇ-ਕਿਧਰੇ ਵਧੇਰੇ ਹੀ ਖੁੱਲ੍ਹ ਲਈ ਗਈ ਹੈ। ਵਿਚਾਰਧਾਰਕ ਅਸੰਤੁਲਨ ਹੈ। ਮਹਿਜ਼ ਅਠਾਈ ਵਰ੍ਹਿਆਂ ਦੀ ਕੁੜੀ ਤੋਂ ਹੋਰ ਵਧੇਰੇ ਆਸ਼ਾ ਵੀ ਕੀਤੀ ਨਹੀਂ ਜਾ ਸਕਦੀ। ਉਲਾਰ ਅਤੇ ਭਾਵੁਕ ਹੈ। ਪਹਿਲੀ ਪੁਸਤਕ ਹੈ। ਪਾਠਕ ਪੜ੍ਹਨਗੇ ਤਾਂ ਉਸ ਨੂੰ ਸੁਝਾਉ ਜ਼ਰੂਰ ਦੇਣ।

• ਤੇਜਾ ਸਿੰਘ ਤਿਲਕ

## ਸਿਹਤ

- ਆਮ ਆਦਮੀ ਕਲੀਨਿਕਾਂ ਵਿੱਚ ਦਵਾਈਆਂ ਅਤੇ ਜਾਂਚ ਬਿਲਕੁਲ ਮੁਫ਼ਤ
- 2,661 ਡਾਕਟਰਾਂ, ਪੈਰਾਮੈਡੀਕਸ ਅਤੇ ਫਰੰਟਲਾਈਨ ਸਟਾਫ ਦੀਆਂ ਨਵੀਆਂ ਭਰਤੀਆਂ
- 'ਸੀ.ਐੱਮ. ਦੀ ਯੋਗਸ਼ਾਲਾ' ਵਿੱਚ ਰੋਜ਼ਾਨਾ ਲੱਖਾਂ ਲੋਕਾਂ ਨੂੰ ਮੁਫ਼ਤ ਵਿੱਚ ਯੋਗਾ ਕਲਾਸਾਂ ਦੇ ਰਹੀ ਹੈ ਸਰਕਾਰ

## ਮੁੱਖ ਮੰਤਰੀ ਸਿਹਤ ਯੋਜਨਾ

**ਹਰ ਪਰਿਵਾਰ ਲਈ**
**₹10 ਲੱਖ ਦਾ ਬਿਲਕੁਲ ਮੁਫ਼ਤ ਇਲਾਜ**

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ

- 50 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੁਫ਼ਤ ਤੀਰਥ ਯਾਤਰਾ
- ਯਾਤਰੀਆਂ ਲਈ ਏ.ਸੀ. ਬੱਸ, ਰਹਿਣ ਲਈ ਏ.ਸੀ. ਹੋਟਲ ਦਾ ਮੁਫ਼ਤ ਪ੍ਰਬੰਧ

## ਸਿੱਖਿਆ- ਪੰਜਾਬ ਬਣਿਆ ਦੇਸ਼ 'ਚੋਂ ਨੰਬਰ- 1

- ਨੈਸ਼ਨਲ ਅਚੀਵਮੈਂਟ ਸਰਵੇ ਵਿੱਚ ਪੰਜਾਬ ਦੇਸ਼ 'ਚੋਂ No.- 1 ਬਣਿਆ
- ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ JEE Main, 845 ਨੇ NEET ਦੀ ਪ੍ਰੀਖਿਆ ਕੀਤੀ ਪਾਸ
- 15,000 ਤੋਂ ਜ਼ਿਆਦਾ ਨਵੇਂ ਅਧਿਆਪਕ ਭਰਤੀ ਕੀਤੇ, 12,000 ਤੋਂ ਜ਼ਿਆਦਾ ਕੱਚੇ ਅਧਿਆਪਕਾਂ ਨੂੰ ਪੱਕੇ ਕੀਤਾ ਗਿਆ
- ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਫਿਨਲੈਂਡ, ਸਿੰਗਾਪੁਰ ਅਤੇ ਆਈ.ਆਈ.ਐੱਮ. ਵਿੱਚ ਟ੍ਰੇਨਿੰਗ ਕਰਵਾਈ ਜਾ ਰਹੀ ਹੈ
- ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੁਫ਼ਤ ਸਕੂਲ ਬੱਸਾਂ ਦੀ ਸਹੂਲਤ ਦਿੱਤੀ ਗਈ

## ਰੋਜ਼ਗਾਰ

- 65,264 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ
- 5 ਲੱਖ ਤੋਂ ਜ਼ਿਆਦਾ ਨੌਕਰੀਆਂ ਪ੍ਰਾਈਵੇਟ ਸੈਕਟਰ ਵਿੱਚ ਦਿੱਤੀਆਂ ਗਈਆਂ




## ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ

| ਪੰਜਾਬ ਦੀ ਹਰ ਔਰਤ ਨੂੰ | ਅਨੁਸੂਚਿਤ ਜਾਤੀ ਨਾਲ ਸਬੰਧਤ ਔਰਤਾਂ ਨੂੰ |
|---|---|
| ₹1,000 ਪ੍ਰਤੀ ਮਹੀਨਾ | ₹1,500 ਪ੍ਰਤੀ ਮਹੀਨਾ |

## ਸ਼ਹੀਦਾਂ ਦੇ ਪਰਿਵਾਰਾਂ ਨੂੰ ₹1 ਕਰੋੜ ਦੀ ਸਨਮਾਨ ਰਾਸ਼ੀ

- ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਸਰਕਾਰ ਦੇ ਰਹੀ ₹1 ਕਰੋੜ ਸਨਮਾਨ ਰਾਸ਼ੀ

## ਉਦਯੋਗਿਕ ਨਿਵੇਸ਼- ₹1.55 ਲੱਖ ਕਰੋੜ

- ਪੰਜਾਬ ਵਿੱਚ ਸਿਰਫ਼ 4 ਸਾਲਾਂ ਵਿੱਚ ₹1.55 ਲੱਖ ਕਰੋੜ ਦਾ ਨਿਵੇਸ਼
- 5 ਲੱਖ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ
- ਉਦਯੋਗਿਕ ਅਤੇ ਕਾਰੋਬਾਰ ਵਿਕਾਸ ਨੀਤੀ- 2026 ਲਾਗੂ
- ਯੂ.ਕੇ., ਜਪਾਨ ਅਤੇ ਦੱਖਣੀ ਕੋਰੀਆ ਨਾਲ ਰਣਨੀਤਕ ਸਾਂਝੇਦਾਰੀ

## ਪੇਂਡੂ ਵਿਕਾਸ- 49,000 ਕਿਲੋਮੀਟਰ ਸੜਕਾਂ ਦਾ ਨਿਰਮਾਣ

- 49,000 ਕਿਲੋਮੀਟਰ ਤੋਂ ਜ਼ਿਆਦਾ ਸੜਕਾਂ ਦਾ ਨਵੀਨੀਕਰਨ
- ਪੇਂਡੂ ਖੇਤਰਾਂ ਵਿੱਚ ਆਧੁਨਿਕ ਲਾਇਬ੍ਰੇਰੀਆਂ ਦਾ ਨਿਰਮਾਣ
- 13,000 ਤੋਂ ਵੱਧ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ

## ਯੁੱਧ ਨਸ਼ਿਆਂ ਵਿਰੁੱਧ- 50 ਹਜ਼ਾਰ ਤਸਕਰ ਗ੍ਰਿਫ਼ਤਾਰ

- 50,238 ਨਸ਼ਾ ਤਸਕਰ ਗ੍ਰਿਫ਼ਤਾਰ ਹੋਏ ਜਿਨ੍ਹਾਂ ਤੋਂ 32,620 ਕਿਲੋ ਨਸ਼ਾ ਜ਼ਬਤ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਵੱਲ ਵੱਡਾ ਕਦਮ ਚੁੱਕਿਆ

## ਸੜਕ ਦੁਰਘਟਨਾ ਵਿੱਚ ਮੌਤਦਰ 50.12% ਘਟੀ

- ਭਾਰਤ ਦੀ ਪਹਿਲੀ ਸੜਕ ਸੁਰੱਖਿਆ ਫੋਰਸ ਪੰਜਾਬ ਵਿੱਚ ਬਣੀ
- ਸੜਕੀ ਹਾਦਸਿਆਂ 'ਚ ਮੌਤ ਦਰ 50.12% ਤੱਕ ਘਟੀ
- 47,000+ ਲੋਕਾਂ ਨੂੰ ਸਮੇਂ ਸਿਰ ਮਦਦ ਮਿਲੀ

## ਭ੍ਰਿਸ਼ਟਾਚਾਰ ਮੁਕਤ ਪੰਜਾਬ

- ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 9501200200 ਸ਼ੁਰੂ ਕੀਤੀ
- 1,000+ ਭ੍ਰਿਸ਼ਟਾਚਾਰੀਆਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ

## ਈਜ਼ੀ ਰਜਿਸਟਰੀ/ਜਮ੍ਹਾਂਬੰਦੀ

- 'ਈਜ਼ੀ ਰਜਿਸਟਰੀ'- ਜ਼ਮੀਨ ਦੀ ਰਜਿਸਟਰੀ ਲਈ ਨਵੀਂ ਸਹੂਲਤ
- ਸਿਰਫ਼ 48 ਘੰਟਿਆਂ ਵਿੱਚ ਰਜਿਸਟਰੀ ਮੁਕੰਮਲ
- ਵੱਟਸਐਪ ਰਾਹੀਂ ਹਰ ਕਦਮ ਉੱਤੇ ਪਾਰਦਰਸ਼ੀ ਜਾਣਕਾਰੀ

## 90% ਘਰਾਂ ਨੂੰ ਮੁਫ਼ਤ ਬਿਜਲੀ

- 90% ਘਰਾਂ ਨੂੰ ਮਿਲ ਰਹੀ 600 ਯੂਨਿਟ ਮੁਫ਼ਤ ਬਿਜਲੀ
- ਪਹਿਲੀ ਵਾਰ ਕਿਸਾਨਾਂ ਨੂੰ ਖੇਤੀ ਲਈ ਦਿਨ ਵਿੱਚ ਮਿਲ ਰਹੀ ਬਿਨਾਂ ਰੁਕਾਵਟ ਬਿਜਲੀ

## ਖੇਡਾਂ- 3,100 ਨਵੇਂ ਖੇਡ ਮੈਦਾਨ ਬਣੇ

- ਓਲੰਪਿਕ ਤਮਗ਼ਾ ਜੇਤੂ ਖਿਡਾਰੀਆਂ ਨੂੰ ₹1 ਕਰੋੜ ਅਤੇ ਸਰਕਾਰੀ ਨੌਕਰੀ
- ਖਿਡਾਰੀਆਂ ਨੂੰ ਮੈਚ ਦੀ ਤਿਆਰੀ ਲਈ ₹15 ਲੱਖ ਤੱਕ ਦੀ ਵਿਸ਼ੇਸ਼ ਸਹਾਇਤਾ

## 'ਮੇਰੀ ਰਸੋਈ' ਯੋਜਨਾ ਦੀ ਸ਼ੁਰੂਆਤ

- 40 ਲੱਖ ਗਰੀਬ ਪਰਿਵਾਰਾਂ ਨੂੰ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ 1 ਲੀਟਰ ਸਰ੍ਹੋਂ ਦਾ ਤੇਲ ਮੁਫ਼ਤ ਮਿਲੇਗਾ

## ਖੇਤੀਬਾੜੀ- ਦੇਸ਼ ਵਿੱਚ ਸਭ ਤੋਂ ਵੱਧ ਮੁਆਵਜ਼ਾ

- ਕਿਸਾਨਾਂ ਨੂੰ ₹20,000 ਪ੍ਰਤੀ ਏਕੜ, ਦੇਸ਼ ਵਿੱਚ ਸਭ ਤੋਂ ਵੱਧ ਮੁਆਵਜ਼ਾ ਮਿਲ ਰਿਹਾ
- ਨਹਿਰੀ ਖਾਲਿਆਂ ਰਾਹੀਂ ਹਰ ਖੇਤ ਵਿੱਚ ਪਾਣੀ ਪਹੁੰਚਾਇਆ
- ਦੇਸ਼ ਵਿੱਚ ਗੰਨੇ ਦਾ ਸਭ ਤੋਂ ਵੱਧ ਮੁੱਲ ਮਿਲ ਰਿਹਾ ₹416 ਪ੍ਰਤੀ ਕੁਇੰਟਲ
- ਸਬਸਿਡੀ ਉੱਤੇ ਮੁਹੱਈਆ ਕਰਵਾਈਆਂ ਸੀ.ਆਰ.ਐੱਮ. ਮਸ਼ੀਨਾਂ
- ਫ਼ਸਲਾਂ ਦੀ ਤੁਰੰਤ ਖਰੀਦ, 24 ਘੰਟਿਆਂ ਵਿੱਚ ਭੁਗਤਾਨ

ਅਨੁਭਵ ਕਰਨ ਲਈ QR ਸਕੈਨ ਕਰੋ

# ‘ਛੋਟੇ ਭਰਾ’ ਵਾਲੀ ਭੂਮਿਕਾ ਖ਼ਤਮ; ਹੁਣ ਇਕੱਲੇ ਬਣਾਵਾਂਗੇ ਪੰਜਾਬ ’ਚ ਸਰਕਾਰ : ਅਮਿਤ ਸ਼ਾਹ

## ਕੈਪਟਨ ਅਮਰਿੰਦਰ ਸਿੰਘ ਦੀ ਗੈਰ-ਹਾਜ਼ਰੀ ਰਹੀ ਚਰਚਾ ਦਾ ਵਿਸ਼ਾ

ਮੋਗਾ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਮੋਗਾ ਦੀ ਧਰਤੀ ਤੋਂ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਮੁਹਿੰਮ ਦਾ ਰਸਮੀ ਆਗਾਜ਼ ਕਰ ਦਿੱਤਾ ਹੈ। ਨਾਨਕਸ਼ਾਹੀ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਸ਼ਾਹ ਨੇ ਸਪੱਸ਼ਟ ਕੀਤਾ ਕਿ ਹੁਣ ਭਾਜਪਾ ਪੰਜਾਬ ਵਿੱਚ ‘ਛੋਟੇ ਭਰਾ’ (ਜੂਨੀਅਰ ਸਹਿਯੋਗੀ) ਵਜੋਂ ਨਹੀਂ, ਸਗੋਂ ਆਪਣੇ ਦਮ ’ਤੇ ਸਰਕਾਰ ਬਣਾਉਣ ਦੇ ਮਕਸਦ ਨਾਲ ਮੈਦਾਨ ਵਿੱਚ ਉਤਰੇਗੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੇਂਦਰ ਨੇ ਦੇਸ਼ ਵਿੱਚੋਂ ਨਕਸਲਵਾਦ ਨੂੰ ਨੱਥ ਪਾਈ ਹੈ, ਉਸੇ ਤਰ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁੱਟਿਆ ਜਾਵੇਗਾ।

ਅਮਿਤ ਸ਼ਾਹ ਨੇ ਪੰਜਾਬ ਦੀ ਮੌਜੂਦਾ ਸਥਿਤੀ ’ਤੇ ਚਿੰਤਾ ਪ੍ਰਗਟ ਕਰਦਿਆਂ ‘ਤਿੰਨ ਵੱਡੇ ਖ਼ਤਰਿਆਂ’– ਗੈਂਗਸਟਰ ਕਲਚਰ, ਜ਼ਬਰਦਸਤੀ ਧਰਮ ਪਰਿਵਰਤਨ ਅਤੇ ਭ੍ਰਿਸ਼ਟਾਚਾਰ, ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਅਹਿਦ ਲਿਆ। ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ, ਤਾਂ ਇਨ੍ਹਾਂ ਬੁਰਾਈਆਂ ਨੂੰ ਸੂਬੇ ਵਿੱਚੋਂ ਪੂਰੀ ਤਰ੍ਹਾਂ ਮਲੀਆਮੇਟ ਕਰ ਦਿੱਤਾ ਜਾਵੇਗਾ।

ਅਮਿਤ ਸ਼ਾਹ ਨੇ ਸਿੱਖ ਗੁਰੂਆਂ ਦੀ ਵਿਰਾਸਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਭਾਜਪਾ ਨੇ ਹਮੇਸ਼ਾ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਸਿੱਖ ਗੁਰਧਾਮਾਂ ਦੀ ਸੁਰੱਖਿਆ ਲਈ ਕੰਮ ਕੀਤਾ ਹੈ। ਕਰਤਾਰਪੁਰ ਸਾਹਿਬ ਲਾਂਘੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਬੜੇ ਭਾਵੁਕ ਲਹਿਜੇ ਵਿੱਚ ਕਿਹਾ, ਜੇਕਰ ਆਜ਼ਾਦੀ ਦੇ ਸਮੇਂ ਭਾਜਪਾ ਸੱਤਾ ਵਿੱਚ ਹੁੰਦੀ, ਤਾਂ ਕਰਤਾਰਪੁਰ ਸਾਹਿਬ ਅੱਜ ਭਾਰਤ ਦਾ ਅਟੁੱਟ ਅੰਗ ਹੁੰਦਾ। ਉਨ੍ਹਾਂ ਕਾਂਗਰਸ ’ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਮਲਾ ਕਰਵਾਇਆ ਅਤੇ ਹਿੰਦੂ-ਸਿੱਖ ਭਾਈਚਾਰੇ ਵਿੱਚ ਜਾਣਬੁੱਝ ਕੇ ‘ਖਾਈ’ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ਨੀਵਾਰ ਨੂੰ ਮੋਗਾ ਵਿਖੇ ਭਾਜਪਾ ਦੀ ‘ਬਦਲਾਅ ਰੈਲੀ’ ਵਿੱਚ ਸ਼ਾਮਲ ਹੋਏ ਸਨ। ਕੇਸਰੀ ਦਸਤਾਰ ਸਜਾ ਕੇ ਪਹੁੰਚੇ ਸ਼ਾਹ ਦਾ ਪੰਜਾਬ ਭਾਜਪਾ ਦੇ ਆਗੂਆਂ ਨੇ ਨਿੱਘਾ ਸਵਾਗਤ ਕੀਤਾ ਗਿਆ। ਇਸ ਰੈਲੀ ਵਿੱਚ ਸਭ ਤੋਂ ਵੱਧ ਚਰਚਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰ-ਹਾਜ਼ਰੀ ਦੀ ਰਹੀ, ਹਾਲਾਂਕਿ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਅਤੇ ਬੇਟੀ ਜੈ ਇੰਦਰ ਕੌਰ ਮੰਚ ’ਤੇ ਮੌਜੂਦ ਸਨ।

ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸੂਬੇ ਵਿੱਚ ‘ਡਬਲ ਇੰਜਣ’ ਸਰਕਾਰ ਚਾਹੁੰਦੇ ਹਨ ਅਤੇ ਮੌਜੂਦਾ ‘ਆਪ’ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਨੂੰ ਆਰਥਿਕ ਕੰਗਾਲੀ ਵੱਲ ਧੱਕ ਦਿੱਤਾ ਹੈ। ਰੈਲੀ ਦੌਰਾਨ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ ’ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ, ਜੋ ਕਦੇ ਖੇਤਾਂ ਅਤੇ ਖੇਡ ਮੈਦਾਨਾਂ ਦੀ ਸ਼ਾਨ ਹੁੰਦਾ ਸੀ, ਅੱਜ ਨਸ਼ਿਆਂ ਕਾਰਨ ਨਾਲੀਆਂ ਵਿੱਚ ਦਮ ਤੋੜ ਰਿਹਾ ਹੈ।

ਸ਼ਰਮਾ ਨੇ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਵਿਗੜ ਰਹੀ ਸਥਿਤੀ ਨੂੰ ਸੁਧਾਰਨ ਲਈ ਦਖਲ ਦੇਣ। ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਸਿਰਫ਼ ਭਾਜਪਾ ਹੀ ਪੰਜਾਬ ਨੂੰ ਨਸ਼ਾ ਮੁਕਤ ਕਰ ਸਕਦੀ ਹੈ ਅਤੇ ਸੂਬੇ ਵਿੱਚ ਅਮਨ-ਸ਼ਾਂਤੀ ਬਹਾਲ ਕਰ ਸਕਦੀ ਹੈ। ਇਹ ਰੈਲੀ ਪੰਜਾਬ ਵਿੱਚ ਭਾਜਪਾ ਦੇ ਵਧਦੇ ਪ੍ਰਭਾਵ ਅਤੇ ਆਉਣ ਵਾਲੀਆਂ ਚੋਣਾਂ ਲਈ ਸ਼ਕਤੀ ਪ੍ਰਦਰਸ਼ਨ ਵਜੋਂ ਦੇਖੀ ਜਾ ਰਹੀ ਹੈ।

## ਤਲਵਾੜਾ BBMB ਹਸਪਤਾਲ ਦੀ ਮਾੜੀ ਹਾਲਤ ਵਿਰੁੱਧ ਹਾਈਕੋਰਟ ’ਚ PIL ਦਾਇਰ

ਚੰਡੀਗੜ੍ਹ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹੁਸ਼ਿਆਰਪੁਰ ਜ਼ਿਲ੍ਹੇ ਦੇ ਤਲਵਾੜਾ ਸਥਿਤ 100 ਬਿਸਤਰਿਆਂ ਵਾਲੇ ਬੀ.ਬੀ.ਐਮ.ਬੀ. ਹਸਪਤਾਲ ਦੀ ਮਾੜੀ ਹਾਲਤ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜਨਹਿੱਤ ਪਟੀਸ਼ਨ (PIL) ਦਾਇਰ ਕੀਤੀ ਗਈ ਹੈ। ਤਲਵਾੜਾ ਨਿਵਾਸੀ ਸ਼ਿਵਮ ਕੁਮਾਰ ਸ਼ਰਮਾ ਵੱਲੋਂ ਦਾਇਰ ਇਸ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪ੍ਰਸ਼ਾਸਨਿਕ ਅਣਗਹਿਲੀ, ਸਟਾਫ਼ ਦੀ ਕਮੀ ਅਤੇ ਮਾੜੇ ਬੁਨਿਆਦੀ ਢਾਂਚੇ ਕਾਰਨ ਇਹ ਹਸਪਤਾਲ ਖ਼ੁਦ ਹੀ ‘ਬਿਮਾਰ’ ਹੋ ਚੁੱਕਾ ਹੈ। ਇਹ ਹਸਪਤਾਲ ਪੰਜਾਬ ਦੇ ਦਸੂਹਾ, ਮੁਕੇਰੀਆਂ ਅਤੇ ਟਾਂਡਾ ਸਮੇਤ ਹਿਮਾਚਲ ਦੇ ਕਈ ਇਲਾਕਿਆਂ ਦੇ ਹਜ਼ਾਰਾਂ ਲੋਕਾਂ ਲਈ ਇਲਾਜ ਦਾ ਇੱਕੋ-ਇੱਕ ਮੁੱਖ ਸਾਧਨ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 100 ਬਿਸਤਰਿਆਂ ਦਾ ਹਸਪਤਾਲ ਹੋਣ ਦੇ ਬਾਵਜੂਦ ਇੱਥੇ ਕੋਈ ਪੱਕਾ ਹੱਡੀਆਂ ਦਾ ਮਾਹਿਰ (Orthopedic specialist) ਨਹੀਂ ਹੈ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ 46 ਪੋਸਟਾਂ ਖਾਲੀ ਪਈਆਂ ਹਨ।

## ਸੰਧਵਾਂ ਨੇ ਹਰਿਆਣਾ ਦੇ ਸਪੀਕਰ ਦੀ ਮਾਤਾ ਦੇ ਦੇਹਾਂਤ ’ਤੇ ਦੁੱਖ ਪ੍ਰਗਟਾਇਆ


ਚੰਡੀਗੜ੍ਹ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਦੀ ਮਾਤਾ ਸ੍ਰੀਮਤੀ ਪ੍ਰੇਮ ਕੌਰ ਕਲਿਆਣ ਦੇ ਦੇਹਾਂਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਉਂਦਿਆਂ ਦਿਲੋਂ ਸੰਵੇਦਨਾ ਵਿਅਕਤ ਕੀਤੀ।

ਸਪੀਕਰ ਸੰਧਵਾਂ ਨੇ ਭਾਵੁਕ ਸ਼ਰਧਾਂਜਲੀ ਦਿੰਦਿਆਂ ਇੱਕ ਵਿਅਕਤੀ ਦੇ ਜੀਵਨ ਅਤੇ ਕਰੀਅਰ ਨੂੰ ਆਕਾਰ ਦੇਣ ਵਿੱਚ ਮਾਂ ਦੀ ਅਹਿਮ ਭੂਮਿਕਾ ’ਤੇ ਚਾਨਣਾ ਪਾਇਆ। ਸ. ਸੰਧਵਾਂ ਨੇ ਕਿਹਾ ਕਿ ਮਾਂ ਦਾ ਨਿੱਘਾ ਪਿਆਰ ਅਤੇ ਸਮਰਥਨ ਉਹ ਕਰਜ਼ ਹਨ ਜਿਨ੍ਹਾਂ ਨੂੰ ਅਸੀਂ ਕਦੇ ਵੀ ਚੁਕਾ ਨਹੀਂ ਸਕਦੇ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਜ਼ਿੰਦਗੀ ਵਿੱਚ ਜੋ ਵੀ ਉਚਾਈਆਂ ਹਾਸਲ ਕਰਦੇ ਹਾਂ, ਉਹ ਸਾਡੇ ਮਾਪਿਆਂ ਦੇ ਆਦਰਸ਼ਾਂ ਅਤੇ ਅਸ਼ੀਰਵਾਦਾਂ ਦਾ ਪ੍ਰਤੱਖ ਪ੍ਰਮਾਣ ਹਨ।

## ਨਿਵੇਸ਼ ਪੰਜਾਬ ਸੰਮੇਲਨ: ‘ਆਈਡੀਆ ਟੂ ਇਮਪੈਕਟ: ਇਕ ਸਟਾਰਟਅੱਪ ਡੈਸਟੀਨੇਸ਼ਨ ਵਜੋਂ ਪੰਜਾਬ ਦੀ ਯਾਤਰਾ

ਮੁਹਾਲੀ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਇਥੇ ਚੱਲ ਰਹੇ ਪੰਜਾਬ ਨਿਵੇਸ਼ ਸੰਮੇਲਨ ਦੇ ਦੂਜੇ ਦਿਨ ਅੱਜ ਆਈਡੀਆ ਟੂ ਇਮਪੈਕਟ: ਪੰਜਾਬ ਦੀ ਇਕ ਸਟਾਰਟਅੱਪ ਡੈਸਟੀਨੇਸ਼ਨ ਵਜੋਂ ਯਾਤਰਾ ਸਿਰਲੇਖ ਤਹਿਤ ਹੋਏ ਬਹੁਤ ਹੀ ਦਿਲਚਸਪ ਸੈਸ਼ਨ ਦੌਰਾਨ ਸੂਬੇ ਦੀ ਉੱਭਰ ਰਹੀ ਉੱਦਮੀ ਦਿਖ ਨੂੰ ਸਾਹਮਣੇ ਲਿਆਂਦਾ।ਇਸ ਸੈਸ਼ਨ ਨੇ ਪੰਜਾਬ ਨੂੰ ਨਵੀਨਤਾ ਅਤੇ ਯੂਨੀਕੋਰਨ ਸਟਾਰਟਅੱਪਸ ਲਈ ਇੱਕ ਪ੍ਰਮੁੱਖ ਧੁਰੇ ਵਿੱਚ ਬਦਲਣ ਦੇ ਰਣਨੀਤਕ ਦ੍ਰਿਸ਼ਟੀਕੋਣ ’ਤੇ ਚਰਚਾ ਕਰਨ ਲਈ ਉੱਚ ਸਰਕਾਰੀ ਅਧਿਕਾਰੀਆਂ, ਉਦਯੋਗ ਦੇ ਦਿੱਗਜਾਂ ਅਤੇ ਸਟਾਰਟਅੱਪ ਉਦਮੀਆਂ ਨੂੰ ਇਕ ਮੰਚ ਤੇ ਲਿਆਂਦਾ।

ਵੱਡੇ ਪੈਮਾਨੇ ਤੇ ਵਿਕਾਸ ਨੂੰ ਸਮਰਥਨ ਦੇਣ ਲਈ ਸੂਬੇ ਦੀ ਤਿਆਰੀ ਨੂੰ ਉਜਾਗਰ ਕਰਦੇ ਹੋਏ, ਪੰਜਾਬ ਵਿਕਾਸ ਕਮਿਸ਼ਨ ਦੀ ਚੇਅਰਪਰਸਨ, ਸੀਮਾ ਬਾਂਸਲ ਨੇ ਸੈਸ਼ਨ ਨੂੰ ਇੱਕ ਮਜ਼ਬੂਤ ਅਤੇ ਹਾਂਪੱਖੀ ਦਿਸ਼ਾ ਦਿੱਤੀ। ਉਨ੍ਹਾਂ ਕਿਹਾ, ਪੰਜਾਬ ਵਿੱਚ, ਸਾਡੇ ਕੋਲ ਕਾਰੋਬਾਰ ਅਤੇ ਨਵੀਨਤਾ ਲਈ ਇੱਕ ਸ਼ਾਨਦਾਰ ਅਤੇ ਬਹੁਤ ਸਹਾਇਕ ਈਕੋਸਿਸਟਮ ਹੈ। ਜਦੋਂ ਅਸੀਂ ਅੱਜ ਦੇ ਸਫਲ ਤਕਨੀਕੀ ਯੂਨੀਕੋਰਨ ਸਟਾਰਟਅੱਪਸ ’ਤੇ ਨਜ਼ਰ ਮਾਰਦੇ ਹਾਂ, ਤਾਂ ਇਹ ਜਾਹਰਾ ਤੌਰ ਤੇ ਸਾਹਮਣੇ ਆਉਂਦਾ ਹੈ ਕਿ ਸਾਡੇ ਕੋਲ ਅਜਿਹੇ ਵਿਕਾਸ ਨੂੰ ਸਮਰਥਨ ਦੇਣ ਲਈ ਸਾਰੇ ਲੋੜੀਂਦੇ ਬੁਨਿਆਦੀ ਪਹਿਲੂ ਮੌਜੂਦ ਹਨ। ਸਾਡਾ ਧਿਆਨ ਹੁਣ ਇਸ ਗੱਲ ’ਤੇ ਹੋਣਾ ਚਾਹੀਦਾ ਹੈ ਕਿ ਅਸੀਂ ਰਾਜ ਵਿੱਚ ਯੂਨੀਕੋਰਨ ਸਟਾਰਟਅੱਪਸ ਦੀ ਸਥਾਪਤੀ ਅਤੇ ਉਨ੍ਹਾਂ ਦੇ ਵਿਕਾਸ ਲਈ ਇਸ ਈਕੋਸਿਸਟਮ ਨੂੰ ਕਿਵੇਂ ਮਾਪ ਸਕਦੇ ਹਾਂ। ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ, ਉਦਯੋਗ ਅਤੇ ਵਣਜ ਵਿਭਾਗ ਦੀ ਡਾਇਰੈਕਟਰ, ਸੁਰਭੀ ਮਲਿਕ ਨੇ ਪੰਜਾਬ ਸਰਕਾਰ ਦੁਆਰਾ ਉਠਾਏ ਗਏ ਸਰਗਰਮ ਕਦਮਾਂ ਬਾਰੇ ਦੱਸਿਆ। ਇੱਕ ਵਿਸਥਾਰਤ ਪੇਸ਼ਕਾਰੀ ਰਾਹੀਂ ਉਨ੍ਹਾਂ ਨੇ ਸਟਾਰਟਅੱਪ ਈਕੋਸਿਸਟਮ ਨੂੰ ਸਰਗਰਮੀ ਨਾਲ ਹੁਲਾਰਾ ਦੇਣ ਅਤੇ ਨਵੇਂ ਉੱਦਮਾਂ ਲਈ ਰਾਹ ਪੱਧਰਾ ਕਰਨ ਲਈ ਰਾਜ ਦੁਆਰਾ ਮੌਜੂਦਾ ਸਮੇਂ ਵਿੱਚ ਪ੍ਰਦਾਨ ਕੀਤੇ ਜਾ ਰਹੇ ਵਿਆਪਕ ਵਿੱਤੀ ਅਤੇ ਗੈਰ-ਵਿੱਤੀ ਪ੍ਰੋਤਸਾਹਨਾਂ ਦੀ ਰੂਪਰੇਖਾ ਦਿੱਤੀ।ਹੀਰੋ ਸਾਈਕਲ ਅਤੇ ਐਮ.ਬੀ.ਸੀ. ਆਈ.ਈ ਦੇ ਐਮਡੀ ਐਸ.ਕੇ. ਰਾਏ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਉਰਦੂ ਦੇ ਦੋਹੇ, ਹੰਗਾਮਾ ਸ਼ੁਰੂ ਕਰਨਾ ਮੇਰਾ ਮਕਸੂਦ ਨਹੀਂ ਨਾਲ ਕਰਕੇ ਦਰਸ਼ਕਾਂ ਦਾ ਧਿਆਨ ਖਿਚਿਆ। ਉਨ੍ਹਾਂ ਨੇ ਸੂਬਾ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਸਹਾਇਤਾ ਨੂੰ ਪੂਰਾ ਕਰਨ ਲਈ ਵਿਕਲਪਿਤ ਫੰਡਿੰਗ ਰੂਟਾਂ ਦੇ ਵਿਕਾਸ ਦੀ ਜ਼ੋਰਦਾਰ ਵਕਾਲਤ ਕੀਤੀ। ਆਈ.ਆਈ.ਟੀ ਰੁੜਕੀ ਦੁਆਰਾ ਵਿਕਸਤ ਕੀਤੇ ਗਏ ਇੱਕ ਸਫਲ ਮਾਡਲ, ਜਿਸਨੇ 24,000 ਤੋਂ ਵੱਧ ਨਿਵੇਸ਼ਕਾਂ ਨੂੰ ਸਟਾਰਟਅੱਪ ਵਿੱਚ ਪ੍ਰਤੀ ਨਿਵੇਸ਼ਕ ਘੱਟੋ-ਘੱਟ 1,00,000 ਰੁਪਏ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ, ਦਾ ਹਵਾਲਾ ਦਿੰਦਿਆਂ ਉਨ੍ਹਾਂ ਦਲੀਲ ਦਿੱਤੀ ਕਿ ਸਟਾਰਟਅੱਪ ਵਿੱਚ ਨਿਵੇਸ਼ ਕਰਨਾ ਨਿਵੇਸ਼ ਦੇ ਸਭ ਤੋਂ ਸੁਰੱਖਿਅਤ ਰੂਪਾਂ ਵਿੱਚੋਂ ਇੱਕ ਹੈ।

## ਸੰਮੇਲਨ ਨੂੰ ਨਿਵੇਸ਼ਕਾਂ ਪਾਸੋਂ ਮਿਲ ਰਿਹਾ ਜ਼ਬਰਦਸਤ ਹੁੰਗਾਰਾ ਪੰਜਾਬ ਦੀ ਤਰੱਕੀ ਦਾ ਸਬੂਤ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਮੁਹਾਲੀ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਨਿਵੇਸ਼ਕਾਂ ਤੇ ਉਦਯੋਗ ਜਗਤ ਦੇ ਨਾਮੀ ਉੱਦਮੀਆਂ ਪਾਸੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਜੋ ਇਸ ਦਾ ਸਪੱਸ਼ਟ ਸਬੂਤ ਹੈ ਕਿ ਪੰਜਾਬ ਤੇਜ਼ੀ ਨਾਲ ਨਿਵੇਸ਼ ਤੇ ਆਰਥਿਕ ਵਿਕਾਸ ਲਈ ਪਸੰਦੀਦਾ ਸਥਾਨ ਵਜੋਂ ਉੱਭਰ ਰਿਹਾ ਹੈ।

ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਨਿਵੇਸ਼ਕ ਸੰਮੇਲਨ ਨੂੰ ਨਿਵੇਸ਼ਕਾਂ ਵੱਲੋਂ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ, ਜੋ ਕਿ ਪੰਜਾਬ ਦੀ ਤਰੱਕੀ ਦਾ ਸਬੂਤ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਅਜਿਹਾ ਵਿਕਾਸ ਮਾਡਲ ਬਣਾਉਣ ’ਤੇ ਕੇਂਦ੍ਰਿਤ ਹੈ ਜੋ ਸੂਬੇ ਦੇ ਮਜ਼ਬੂਤ ਖੇਤੀਬਾੜੀ ਅਧਾਰ ਨੂੰ ਉਦਯੋਗਿਕ ਵਿਕਾਸ ਨਾਲ ਜੋੜਦਾ ਹੈ, ਜਿਸ ਨਾਲ ਕਿਸਾਨਾਂ ਅਤੇ ਨੌਜਵਾਨਾਂ ਲਈ ਵਧੇਰੇ ਮੌਕੇ ਯਕੀਨੀ ਬਣਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡਾ ਉਦੇਸ਼ ਪੰਜਾਬ ਦੀ ਖੇਤੀਬਾੜੀ ਸ਼ਕਤੀ ਨੂੰ ਉਦਯੋਗ ਨਾਲ ਜੋੜਨਾ ਹੈ ਤਾਂ ਜੋ ਕਿਸਾਨਾਂ ਅਤੇ ਪੰਜਾਬ ਦੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ।

ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੀ ਸੰਭਾਵਨਾ ਦਾ ਜ਼ਿਕਰ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ, ਪੰਜਾਬ ਵਿੱਚ ਫਲਾਂ ਅਤੇ ਸਬਜ਼ੀਆਂ ਦੇ ਖੇਤਰ ਵਿੱਚ ਅਥਾਹ ਸੰਭਾਵਨਾਵਾਂ ਹਨ। ਜੇਕਰ ਫੂਡ ਪ੍ਰੋਸੈਸਿੰਗ ਇੱਥੇ ਸਫਲ ਹੋ ਜਾਂਦੀ ਹੈ, ਤਾਂ ਇਹ ਸਾਡੇ ਕਿਸਾਨਾਂ ਦੇ ਮੁਨਾਫ਼ੇ ਵਿੱਚ ਕਾਫ਼ੀ ਵਾਧਾ ਕਰੇਗੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਨਵੇਂ ਆਰਥਿਕ ਰਾਹ ਵੱਲ ਨਿਰੰਤਰ ਅੱਗੇ ਵਧ ਰਿਹਾ ਹੈ ਜੋ ਆਪਣੀ ਖੇਤੀਬਾੜੀ ਉਤਪਾਦਕਤਾ ਨੂੰ ਵਿਸ਼ਵ ਬਾਜ਼ਾਰਾਂ ਅਤੇ ਆਧੁਨਿਕ ਉਦਯੋਗਾਂ ਨਾਲ ਜੋੜਦਾ ਹੈ। ਪਿਛਲੀਆਂ ਸਰਕਾਰਾਂ ’ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਨੇ ਨਿਵੇਸ਼ਕਾਂ ਵਿੱਚ ਬੇਭਰੋਸਗੀ ਦਾ ਮਾਹੌਲ ਪੈਦਾ ਕੀਤਾ ਸੀ।

## ਭਾਰਤ ਵੱਲੋਂ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ’ਚ 30 ਦਿਨਾਂ ਦਾ ਵਾਧਾ

ਨਵੀਂ ਦਿੱਲੀ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਅਤੇ ਹਵਾਈ ਰੂਟਾਂ ਵਿੱਚ ਆਈ ਰੁਕਾਵਟ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਦੇਸ਼ ਵਿੱਚ ਫਸੇ ਵਿਦੇਸ਼ੀ ਨਾਗਰਿਕਾਂ ਲਈ ਵੱਡਾ ਐਲਾਨ ਕੀਤਾ ਹੈ। ਦੁਬਈ ਸਥਿਤ ਭਾਰਤੀ ਦੂਤਾਵਾਸ ਅਨੁਸਾਰ, ਜਿਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਖ਼ਤਮ ਹੋ ਰਹੇ ਹਨ, ਉਨ੍ਹਾਂ ਨੂੰ 30 ਦਿਨਾਂ ਦੀ ਮੁਫ਼ਤ ਵੀਜ਼ਾ ਐਕਸਟੈਂਸ਼ਨ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ, 28 ਫਰਵਰੀ ਤੋਂ ਬਾਅਦ ਜੰਗ ਕਾਰਨ ਹੋਏ ‘ਓਵਰਸਟੇਅ’ (ਜ਼ਿਆਦਾ ਦੇਰ ਰੁਕਣ) ਲਈ ਕੋਈ ਵੀ ਜੁਰਮਾਨਾ ਨਹੀਂ ਵਸੂਲਿਆ ਜਾਵੇਗਾ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਹਵਾਈ ਰਸਤੇ ਖੁੱਲ੍ਹਣ ’ਤੇ ਇਨ੍ਹਾਂ ਨਾਗਰਿਕਾਂ ਨੂੰ ਬਿਨਾਂ ਕਿਸੇ ਫੀਸ ਦੇ ‘ਐਗਜ਼ਿਟ ਪਰਮਿਟ’ ਵੀ ਜਾਰੀ ਕੀਤੇ ਜਾਣਗੇ।

ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਇਜ਼ਰਾਈਲ, ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੇ ਮਿਜ਼ਾਈਲ ਅਤੇ ਡਰੋਨ ਹਮਲਿਆਂ ਕਾਰਨ ਖਾੜੀ ਦੇਸ਼ਾਂ ਦਾ ਹਵਾਈ ਖੇਤਰ ਅੰਸ਼ਕ ਤੌਰ ’ਤੇ ਬੰਦ ਹੈ। ਕਤਰ ਏਅਰਵੇਜ਼ ਵਰਗੀਆਂ ਏਅਰਲਾਈਨਾਂ ਬਹੁਤ ਸੀਮਤ ਉਡਾਣਾਂ ਚਲਾ ਰਹੀਆਂ ਹਨ, ਜਿਸ ਕਾਰਨ ਸੈਂਕੜੇ ਯਾਤਰੀ ਪਰੇਸ਼ਾਨ ਹਨ।

## ਟ੍ਰੈਕਟਰ ਸਬਸਿਡੀ ਯੋਜਨਾ-17 ਮਾਰਚ ਤੱਕ ਪੂਰੀ ਕਰਨੀ ਹੋਵੇਗੀ ਆਨਲਾਇਨ ਪ੍ਰਕਿਰਿਆ

ਚੰਡੀਗੜ੍ਹ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਰਾਜ ਯੋਜਨਾ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਕਿਸਾਨਾਂ ਨੂੰ 45 ਐਚਪੀ ਜਾਂ ਉਸ ਤੋਂ ਵੱਧ ਸਮਰਥਾ ਵਾਲੇ ਟ੍ਰੈਕਟਰ ’ਤੇ ਦਿੱਤੀ ਜਾਣ ਵਾਲੀ ਸ਼ੋਧਿਤ ਸਮਾਂ-ਸਾਰਣੀ ਜਾਰੀ ਕੀਤੀ ਹੈ।

ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੋਜਨਾ ਦੇ ਲਾਗੂਕਰਨ ਦੌਰਾਨ ਕਿਸਾਨਾਂ ਵੱਲੋਂ ਪੋਰਟਲ ’ਤੇ ਪਰਮਿਟ ਡਾਊਨਲੋਡ ਕਰਨ, ਟ੍ਰੈਕਟਰ ਖਰੀਦ ਤੋਂ ਬਾਅਦ ਅਪਲੋਡ ਕਰਨ, ਨਿਰਮਾਤਾਵਾਂ ਵੱਲੋਂ ਬਿਲਾਂ ਦੀ ਮੰਜ਼ੂਰੀ ਅਤੇ ਨਿਰਮਾਤਾਵਾਂ ਨਾਲ ਡੀਲਰਾਂ ਨੂੰ ਇਨਵੇਂਟਰੀ ਟ੍ਰਾਂਸਫਰ ਨਾਲ ਸਬੰਧਿਤ ਕੁੱਝ ਤਕਨੀਕੀ ਸਮੱਸਿਆਵਾਂ ਬਾਰੇ ਕਈ ਬਨੇਤੀਆਂ ਪ੍ਰਾਪਤ ਹੋਇਆਂ ਸਨ। ਇਨ੍ਹਾਂ ਸਮੱਸਿਆਵਾਂ ਕਾਰਨ ਯੋਗ ਕਿਸਾਨਾਂ ਦੇ ਯੋਜਨਾ ਦੇ ਲਾਭ ਨਾਲੋ ਵਾਂਝੇ ਰਹਿਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਵਿਭਾਗ ਨੇ ਸਮਾਂ-ਸਾਰਣੀ ਵਿੱਚ ਸ਼ੋਧ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਸ਼ੋਧ ਸਮਾਂ-ਸਾਰਣੀ ਅਨੁਸਾਰ ਕਿਸਾਨ ਅਤੇ ਨਿਰਮਾਤਾ ਹੁਣ 17 ਮਾਰਚ 2026 ਤੱਕ ਪੋਰਟਲ ’ਤੇ ਸਾਰੀ ਆਨਲਾਇਨ ਪ੍ਰਕਿਰਿਆ ਪੂਰੀ ਕਰ ਸਕਣਗੇ। ਇਨ੍ਹਾਂ ਵਿੱਚ ਪਰਮਿਟ ਡਾਉਨਲੋਡ ਕਰਨਾ, ਟ੍ਰੈਕਟਰ ਖਰੀਦਨਾ, ਬਿਲ ਅਪਲੋਡ ਕਰਨਾ ਅਤੇ ਨਿਰਮਾਤਾਵਾਂ ਵੱਲੋਂ ਇੰਵੇਂਟਰੀ ਟ੍ਰਾਂਸਫਰ ਅਤੇ ਬਿਲਾਂ ਦੀ ਮੰਜ਼ੂਰੀ ਸ਼ਾਮਲ ਹੈ।

ਉਨ੍ਹਾਂ ਨੇ ਦੱਸਿਆ ਕਿ ਮੌਕੇ ’ਤੇ ਵੈਰੀਫਿਕੇਸ਼ਨ ਲਈ ਇੱਕ ਦਿਵਸੀ ਪ੍ਰੋਗਰਾਮ 20 ਮਾਰਚ 2026 ਨੂੰ ਆਯੋਜਿਤ ਕੀਤਾ ਜਾਵੇਗਾ ਜਦੋਂ ਕਿ ਉਪਨਿਦੇਸ਼ਕ ਖੇਤੀਬਾੜੀ ਵੱਲੋਂ ਸਬਸਿਡੀ ਨਾਲ ਸਬੰਧਿਤ ਵੈਰੀਫਿਕੇਸ਼ਨ ਅਤੇ ਪੋਰਟਲ ’ਤੇ ਅੰਤਮ ਮੰਜ਼ੂਰੀ ਦੀ ਪ੍ਰਕਿਰਿਆ 24 ਮਾਰਚ 2026 ਤੱਕ ਪੂਰੀ ਕੀਤੀ ਜਾਵੇਗੀ।

ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਕਿਸਾਨਾਂ, ਟ੍ਰੈਕਟਰ ਨਿਰਮਾਤਾਵਾਂ ਅਤੇ ਡੀਲਰਾਂ ਨੂੰ ਯੋਜਨਾ ਦੀ ਜਾਣਕਾਰੀ ਦੇਣ ਲਈ ਵਿਆਪਕ ਪੱਧਰ ’ਤੇ ਪ੍ਰਚਾਰ-ਪ੍ਰਸਾਰ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਯੋਗ ਕਿਸਾਨ ਯੋਜਨਾ ਦਾ ਵੱਧ ਤੋਂ ਵੱਧ ਲਾਭ ਚੁੱਕ ਸਕੇ।

## ਜੇ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਕਾਨੂੰਨ ਨਹੀਂ ਬਣਾਉਂਦੀ, ਇਹਨਾਂ ਦੇ ਗੁਰੂ ਦਰਬਾਰ ਵਿੱਚ ਬੋਲਣ ’ਤੇ ਪਾਬੰਦੀ ਵੀ ਲਾਈ ਜਾ ਸਕਦੀ ਹੈ : ਜਥੇ: ਗੜਗੱਜ



ਸਮਾਣਾ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ ਵਿਖੇ ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਪਹੁੰਚੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਕਰੜੇ ਲਫਜ਼ਾ ਵਿਚ ਚਿਤਾਵਨੀ ਦਿੱਤੀ ਕਿ ਜੇਕਰ ਉਹ ਬੇਅਦਬੀ ਖਿਲਾਫ਼ ਕਾਨੂੰਨ ਨਹੀਂ ਬਣਾ ਸਕਦੇ ਤਾਂ ਗੁਰੂ ਘਰਾਂ ਅਤੇ ਧਾਰਮਿਕ ਸਟੇਜਾਂ ਤੋਂ ਬੋਲਣ ਦਾ ਵੀ ਉਹਨਾਂ ਨੂੰ ਕੋਈ ਹੱਕ ਨਹੀਂ ਹੈ, ਜੇ ਸਰਕਾਰ ਸੰਗਤ ਦੀ ਆਵਾਜ਼ ਨਹੀਂ ਸੁਣਦੀ ਤਾਂ ਅਜਿਹੇ ਸਖਤ ਫੈਸਲੇ ਲਏ ਜਾ ਸਕਦੇ ਹਨ। ਸਰਕਾਰ ਨੂੰ ਚੇਤਾਵਨੀ ਦਿੰਦਿਆਂ ਹੋਇਆਂ ਸਿੰਘ ਸਾਹਿਬ ਨੇ ਕਿਹਾ ਜੇ ਭਾਈ ਗੁਰਜੀਤ ਸਿੰਘ ਦੀ ਸ਼ਹਾਦਤ ਹੁੰਦੀ ਹੈ ਇਸ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਜਿੰਮੇਵਾਰ ਹੋਏਗੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਖੁਦ ਭਾਈ ਗੁਰਜੀਤ ਸਿੰਘ ਖਾਲਸਾ ਦੀ ਤੰਦਰੁਸਤੀ ਲਈ ਅਰਦਾਸ ਵੀ ਕੀਤੀ। ਸਮਾਣੇ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿੱਚ 24 ਫਰਵਰੀ ਤੋਂ ਪੱਕੇ ਤੌਰ ਤੇ ਚੱਲ ਰਹੇ ਧਰਮ ਯੁੱਧ ਮੋਰਚੇ ਦੇ 17ਵੇਂ ਦਿਨ ਵੱਡੀ ਤਾਦਾਦ ਵਿੱਚ ਪੰਜਾਬ ਦੀਆਂ ਨਾਮਵਰ ਸਖਸ਼ੀਅਤਾਂ ਅਤੇ ਸੰਗਤ ਨੇ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਨੌਜਵਾਨਾਂ ਦੇ ਆਗੂ ਭਾਨਾ ਸਿੱਧੂ ਅਪਣੇ ਸਾਥੀਆਂ ਸਮੇਤ 15 ਮਾਰਚ ਮਸਤੂਆਣਾ ਸਾਹਿਬ ਤੋਂ ਸੈਂਕੜਿਆਂ ਦੀ ਤਾਦਾਦ ਵਿੱਚ ਗੱਡੀਆਂ, ਮੋਟਰਸਾਈਕਲ ਅਤੇ ਟਰੈਕਟਰਾਂ ਦਾ ਕਾਫਲਾ ਲੈ ਕੇ ਰੋਸ ਮਾਰਚ ਦੇ ਰੂਪ ਵਿੱਚ ਧਰਮ ਯੁੱਧ ਮੋਰਚੇ ਤੇ ਪਹੁੰਚਣਗੇ।

ਭਾਈ ਗੁਰਜੀਤ ਸਿੰਘ ਖਾਲਸਾ ਦੀ ਸਿਹਤ 12 ਮਾਰਚ ਰਾਤ ਨੂੰ ਬਹੁਤ ਜਿਆਦਾ ਵਿਗੜ ਗਈ ਪੰਜ ਘੰਟੇ ਉਹ ਬੇਹੋਸ਼ ਰਹੇ ਸ਼ੁਗਰ ਦਾ ਲੈਵਲ 55 ਦੇ ਕਰੀਬ ਸੀ ਅਤੇ ਬਲੱਡ ਪ੍ਰੈਸ਼ਰ 200 ਤੋਂ ਉੱਪਰ ਸੀ ਪਰ ਮੌਜੂਦਾ ਸਰਕਾਰ ਅਤੇ ਪ੍ਰਸ਼ਾਸਨ ਨੇ ਇਸ ਵਾਸਤੇ ਕੋਈ ਧਿਆਨ ਨਹੀਂ ਦਿੱਤਾ। ਇਸ ਤਰ੍ਹਾਂ ਲੱਗਦਾ ਜਿਵੇਂ ਬੇਹੋਸ਼ ਭਾਈ ਗੁਰਜੀਤ ਸਿੰਘ ਨਹੀਂ ਬਲਕਿ ਪੰਜਾਬ ਸਰਕਾਰ ਹੋ ਚੁੱਕੀ ਹੈ।

## ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ: ਪੁਰਜਿਆਂ ਤੋਂ ਪਲੈਟਫਾਰਮਾਂ ਤੱਕ ਵਿਸ਼ੇ ਤਹਿਤ ਸਾਈਕਲ ਅਤੇ ਈ-ਬਾਈਕਸ- ਆਲਮੀ ਬਾਜ਼ਾਰਾਂ ਲਈ ਪੰਜਾਬ ਦੇ ਅਗਲੇ ਪੀੜ੍ਹੀ ਦੇ ਸਾਈਕਲ



ਚੰਡੀਗੜ੍ਹ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਜ਼ਿਆਂ ਤੋਂ ਪਲੇਟਫਾਰਮਾਂ ਤੱਕ- ਆਲਮੀ ਬਾਜ਼ਾਰਾਂ ਲਈ ਪੰਜਾਬ ਦੇ ਅਗਲੇ ਪੀੜ੍ਹੀ ਦੇ ਸਾਈਕਲ÷ ਵਿਸ਼ੇ ਹੇਠ ÷ਸਾਈਕਲ ਅਤੇ ਈ-ਬਾਈਕਸ÷ ਸਿਰਲੇਖ ਵਾਲੇ ਸੈਸ਼ਨ ਨੇ ਸੂਬੇ ਦੇ ਇੱਕ ਵਿਸ਼ਵਵਿਆਪੀ ਨਿਰਮਾਣ ਕੇਂਦਰ ਵਜੋਂ ਵਧ ਰਹੇ ਰੁਤਬੇ ਨੂੰ ਉਭਾਰਿਆ। ਇਸ ਸੈਸ਼ਨ ਦੌਰਾਨ ਉਦਯੋਗ ਖੇਤਰ ਦੇ ਆਗੂਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਨੀਤੀ ਸਥਿਰਤਾ, ਤਕਨੀਕੀ ਪੱਖੋਂ ਸਮੇਂ ਦਾ ਹਾਣੀ ਹੋਣ ਅਤੇ ਈਕੋਸਿਸਟਮ ਇਕਜੁੱਟਤਾ ਵਿਸਥਾਰ ਦੇ ਅਗਲੇ ਪੜਾਅ ਨੂੰ ਹੋਰ ਅੱਗੇ ਵਧਾਉਣਗੇ।

ਇਸ ਮੌਕੇ ’ਤੇ ਬੋਲਦਿਆਂ, ਐਵੋਨ ਸਾਈਕਲਜ਼ ਦੇ ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ, ਸ੍ਰੀ ਓਂਕਾਰ ਸਿੰਘ ਪਾਹਵਾ ਨੇ ਕਿਹਾ ਕਿ ਪੰਜਾਬ ਸਪੱਸ਼ਟ ਸਮਾਂ-ਸੀਮਾਵਾਂ, ਡਿਜੀਟਲਾਈਜ਼ਡ ਪ੍ਰਵਾਨਗੀਆਂ ਅਤੇ ਸੌਖੀ ਪ੍ਰਕਿਰਿਆ ਨਾਲ ਲਗਾਤਾਰ ਇੱਕ ਕਾਰੋਬਾਰ-ਅਨੁਕੂਲ ਵਾਤਾਵਰਣ ਸਿਰਜ ਰਿਹਾ ਹੈ, ਜੋ ਉੱਦਮੀਆਂ ਨੂੰ ਟੀਚਿਆਂ ਨੂੰ ਅਮਲੀਰੂਪ ਦੇਣ ਅਤੇ ਨਵੀਨਤਾ ’ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਬਣਾਉਂਦਾ ਹੈ। ਭਵਿੱਖੀ ਸੰਭਾਵਨਾਵਾਂ ਦਾ ਅਨੁਮਾਨ ਲਾਉਣ ਅਤੇ ਨਿਰੰਤਰ ਉੱਦਮ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਘੱਟ ਪ੍ਰਕਿਰਿਆਵੀ ਬੋਝ, ਐਮ.ਐਸ.ਈ ਲਈ ਵਿਸਥਾਰਤ ਸਵੈ-ਪ੍ਰਮਾਣੀਕਰਨ ਅਤੇ ਸਿੰਗਲ ਪੁਆਇੰਟ ਰਜਿਸਟ੍ਰੇਸ਼ਨ ਵਰਗੀਆਂ ਪਹਿਲਕਦਮੀਆਂ ਪ੍ਰੋਜੈਕਟ ਲਾਗੂ ਕਰਨ ਨੂੰ ਤੇਜ਼ ਕਰਨਗੀਆਂ ਅਤੇ ਨਿਵੇਸ਼ ਨੂੰ ਰੁਜ਼ਗਾਰ, ਨਿਰਯਾਤ ਅਤੇ ਉਦਯੋਗਿਕ ਉਤਪਾਦਨ ਵਿੱਚ ਬਦਲ ਦੇਣਗੀਆਂ।

ਇਸ ਵਿਸ਼ੇ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਸਾਈਕਲ ਨਿਰਮਾਣ ਦੀ ਮਜ਼ਬੂਤ ਵਿਰਾਸਤ ਹੈ, ਜਿਸ ਵਿੱਚ 4000 ਤੋਂ ਵੱਧ ਐਮ.ਐਸ.ਐਮ.ਈ ਉਤਪਾਦਕ ਅਤੇ 100 ਤੋਂ ਵੱਧ ਦਰਮਿਆਨੇ ਅਤੇ ਵੱਡੇ ਸਾਈਕਲ ਨਿਰਮਾਤਾ ਸਾਂਝੇ ਤੌਰ ’ਤੇ ਸਾਲਾਨਾ ਲਗਭਗ 2.2 ਮਿਲੀਅਨ ਸਾਈਕਲਾਂ ਦਾ ਉਤਪਾਦਨ ਕਰਦੇ ਹਨ, ਜੋ ਭਾਰਤ ਨੂੰ ਸਭ ਤੋਂ ਵੱਡੇ ਸਾਈਕਲ ਉਤਪਾਦਕ ਦੇਸ਼ਾਂ ਵਿੱਚੋਂ ਇੱਕ ਬਣਾਉਂਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਕੰਪੋਨੈਂਟਾਂ ਅਤੇ ਕੱਚੇ ਮਾਲ ਦੀਆਂ ਸਮਰੱਥਾਵਾਂ ਦਾ ਵੱਡਾ ਹਿੱਸਾ ਰੱਖਦਾ ਹੈ ਅਤੇ ਵਿਸ਼ਵ ਪੱਧਰੀ ਟਾਇਰ ਨਿਰਮਾਣ ਸਮਰੱਥਾ ਇਸ ਖੇਤਰ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦੀ ਹੈ।

ਪੁਰਜੇ ਨਿਰਮਾਣ-ਕੇਂਦਰਿਤ ਉਤਪਾਦਨ ਤੋਂ ਪਲੇਟਫਾਰਮ-ਅਧਾਰਤ ਨਿਰਮਾਣ ਵੱਲ ਤਬਦੀਲੀ ’ਤੇ ਜ਼ੋਰ ਦਿੰਦੇ ਹੋਏ ਸ੍ਰੀ ਪਾਹਵਾ ਨੇ ਕਿਹਾ ਕਿ ਆਧੁਨਿਕ ਖਪਤਕਾਰ ਸੁਰੱਖਿਆ, ਟਿਕਾਊਪਣ, ਆਰਾਮ, ਕਾਰਗੁਜ਼ਾਰੀ ਅਤੇ ਇਲੈਕਟ੍ਰਿਕ ਸਹਾਇਕ ਗਤੀਸ਼ੀਲਤਾ ਵਰਗੇ ਪੱਖਾਂ ਨੂੰ ਤਵੱਜੋ ਦਿੰਦੇ ਹਨ। ਉਨ੍ਹਾਂ ਕਿਹਾ ਕਿ ਈ-ਬਾਈਕ, ਈ-ਸਕੂਟਰ, ਫਿਟਨੈਸ ਉਪਕਰਣ ਅਤੇ ਪ੍ਰੀਮੀਅਮ ਨਿਰਯਾਤ-ਮੁਖੀ ਸਾਈਕਲਾਂ ਸਮੇਤ ਵੱਖ-ਵੱਖ ਨਿਰਮਾਣ, ਨਿਰੰਤਰ ਵਿਕਾਸ ਲਈ ਉੱਭਰ ਰਿਹਾ ਰਸਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਸ਼ਵ ਬਾਜ਼ਾਰ ਇਕਸਾਰਤਾ, ਦਸਤਾਵੇਜ਼ੀ ਅਨੁਸ਼ਾਸਨ ਅਤੇ ਮਜ਼ਬੂਤ ਗੁਣਵੱਤਾ ਯਕੀਨ ਦੀ ਮੰਗ ਕਰਦੇ ਹਨ, ਜਿਸ ਨਾਲ ਪਲੇਟਫਾਰਮ ਅਧਾਰਤ ਸਮਰੱਥਾ ਨਿਰਮਾਣ ਲੰਬੇ ਸਮੇਂ ਦੀ ਬਰਾਮਦੀ ਮੁਕਾਬਲੇਬਾਜ਼ੀ ਲਈ ਬੁਨਿਆਦੀ ਹੋ ਜਾਂਦਾ ਹੈ।

ਰਾਲਸਨ ਇੰਡੀਆ ਦੇ ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ, ਸ੍ਰੀ ਸੰਜੀਵ ਪਾਹਵਾ ਨੇ ਸਾਈਕਲ ਉਦਯੋਗ ਵਿਕਾਸ ਦੇ ਇਤਿਹਾਸਕ ਸਫਰ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਲੁਧਿਆਣਾ ਆਜ਼ਾਦੀ ਤੋਂ ਬਾਅਦ ਦੇ ਸ਼ੁਰੂਆਤੀ ਸਾਲਾਂ ਵਿੱਚ ਵਾਜਿਬ ਗਤੀਸ਼ੀਲ ਸਾਧਨਾ ਦੇ ਇੱਕ ਮੁੱਖ ਕੇਂਦਰ ਵਜੋਂ ਉਭਰਿਆ ਜਿਸਦਾ ਪ੍ਰੇਰਕ ਪਹਿਲੂ ਰੈਗੂਲੇਟਰੀ ਚੁਣੌਤੀਆਂ ਦੇ ਬਾਵਜੂਦ ਉੱਦਮੀ ਭਾਵਨਾ ਅਤੇ ਨਵੀਨਤਾ ਦੁਆਰਾ ਸੰਚਾਲਿਤ ਹੋਣਾ ਸੀ। ਉਨ੍ਹਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ 1970 ਅਤੇ 1980 ਦੇ ਦਹਾਕੇ ਦੌਰਾਨ ਸਵਦੇਸ਼ੀ ਤਕਨਾਲੋਜੀ ਅਤੇ ਸਹਾਇਕ ਈਕੋਸਿਸਟਮ ਨੇ ਟਾਇਰ ਅਤੇ ਟਿਊਬ ਨਿਰਮਾਣ ਉਦਯੋਗਾਂ ਦੇ ਵਿਕਾਸ ਨੂੰ ਸਮਰੱਥ ਬਣਾਇਆ, ਜੋ ਅੱਜ ਘਰੇਲੂ ਅਤੇ ਆਲਮੀ ਬਾਜ਼ਾਰਾਂ ਵਿਚ ਆਪਣਾ ਦਰਜਾ ਰੱਖਦੇ ਹਨ।

ਉਨ੍ਹਾਂ ਆਪਣਾ ਨਜ਼ਰੀਆ ਪੇਸ਼ ਕਰਦਿਆਂ ਕਿਹਾ ਕਿ ਬਦਲਦੇ ਗਤੀਸ਼ੀਲਤਾ ਪੈਟਰਨ, ਆਰਥਿਕ ਖੁਸ਼ਹਾਲੀ ਅਤੇ ਮੋਟਰਸਾਈਕਲਾਂ ਲਈ ਤਰਜੀਹ ਵਧਣ ਸਦਕਾ ਸਾਈਕਲਾਂ ਦੀ ਮੁੱਖ ਯਾਤਰਾ ਵਿਕਲਪ ਵਜੋਂ ਅਹਿਮੀਅਤ ਘਟਣ ਕਾਰਨ ਉਦਯੋਗ ਹੁਣ ਚੌਰਾਹੇ ’ਤੇ ਆ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਸ ਖੇਤਰ ਸਾਈਕਲਾਂ ਨੂੰ ਖੇਡਾਂ, ਮਨੋਰੰਜਨ, ਸਿਹਤ ਅਤੇ ਟਿਕਾਊ ਸ਼ਹਿਰੀ ਗਤੀਸ਼ੀਲਤਾ ਦੇ ਸਾਧਨ ਵਜੋਂ ਮੁੜ ਸਥਾਪਿਤ ਕਰਕੇ ਆਪਣੇ ਆਪ ਨੂੰ ਮੁੜ ਸੁਰਜੀਤ ਕਰਨ ਦੀ ਬਹੁਤ ਲੋੜ ਹੈ।

## ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ ਰਮਨਪ੍ਰੀਤ ਕੌਰ ਕੁੰਬੜਾ ਦੀ ਅਗਵਾਈ ’ਚ ਜਾਗੋ ਦਾ ਆਯੋਜਨ

ਮੁਹਾਲੀ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-




ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ 2022 ਦੀਆਂ ਚੋਣਾਂ ਦੌਰਾਨ ਜੋ ਗਰੰਟੀਆਂ/ਵਾਅਦੇ ਪੰਜਾਬ ਦੀ ਜੰਨਤਾ ਨਾਲ ਕੀਤੇ ਗਏ ਸਨ, ਉਨ੍ਹਾਂ ਵਿੱਚੋ ਇੱਕ ਗਰੰਟੀ ਹਰ 18 ਸਾਲ ਤੋਂ ਵੱਧ ਦੀ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣਾ ਸੀ। ਜਿਸ ਨੂੰ ਸਰਕਾਰ ਵੱਲੋਂ ਮੁੱਖ ਮੰਤਰੀ-ਮਾਤਾ-ਬੇਟੀਆਂ ਅਤੇ ਭੈਣਾਂ ਸਨਮਾਨ ਯੋਜਨਾ ਸਕੀਮ ਦੇ ਤਹਿਤ ਪੂਰਾ ਕਰਨ ਲਈ ਬਜਟ ਸੈਸ਼ਨ ਵਿੱਚ ਘੋਸ਼ਣਾ ਕਰਨ ਉਪਰੰਤ ਪੰਜਾਬ ਦੀਆਂ ਔਰਤਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਆਪਣੀ ਇਸ ਖੁਸ਼ੀ ਦਾ ਪ੍ਰਗਵਾਟਾ ਕਰਨ ਅਤੇ ਸਰਕਾਰ ਦੀ ਇਸ ਸਕੀਮ ਸਬੰਧੀ ਪੰਜਾਬ ਦੀਆਂ ਔਰਤਾਂ ਨੂੰ ਜਾਣੂੰ ਕਰਵਾਉਣ ਲਈ ਵਿਧਾਨ ਸਭਾ ਹਲਕਾ ਦੀਆਂ ਔਰਤਾਂ ਵੱਲੋਂ ਹਲਕਾ ਵਿਧਾਇਕ ਸ. ਕੁਲਵੰਤ ਸਿੰਘ ਦੀ ਦੇਖ ਰੇਖ ਅਤੇ ਸ਼੍ਰੀਮਤੀ ਰਮਨਪ੍ਰੀਤ ਕੌਰ ਕੁੰਬੜਾ, ਹਲਕਾ ਕੋਆਰਡੀਨੇਟਰ, ਮਹਿਲਾ ਵਿੰਗ, ਮੋਹਾਲੀ ਦੀ ਅਗਵਾਈ ਵਿੱਚ ਇੱਕ ਜਾਗੋ ਦਾ ਆਯੋਜਨ ਕੀਤਾ ਗਿਆ। ਇਸ ਜਾਗੋ ਵਿੱਚ 200 ਦੇ ਕਰੀਬ ਮਹਿਲਾਵਾਂ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਮਾਰਕਿਟਾਂ/ਬਜ਼ਾਰਾਂ ਵਿੱਚ ਜਾਕੇ ਜਾਗੋ ਕੱਢੀ ਗਈ। ਜਿਸ ਦੌਰਾਨ ਮਹਿਲਾਵਾਂ ਵੱਲੋਂ ਢੋਲ ਵਜਾ ਕੇ ਅਤੇ ਭੰਗੜੇ ਪਾਕੇ ਆਪਣੀ ਖੁਸ਼ੀ ਜਤਾਈ ਗਈ ਅਤੇ ਇਹ ਸਹੂਲਤ ਦੇਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਬੋਲਦੇ ਹੋਏ ਸ਼੍ਰੀਮਤੀ ਰਮਨਪ੍ਰੀਤ ਕੌਰ ਕੁੰਬੜਾ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੀ ਮਾਨ ਸਰਕਾਰ ਜੋ ਕਹਿੰਦੀ ਹੈ ਉਹ ਕਰਦੀ ਹੈ। ਜਿਸ ਦੇ ਕੜੀ ਵਜੋਂ ਹੀ ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨੂੰ ਹਰ ਮਹੀਨੇ ਵਿੱਤੀ ਸਹਾਇਤਾ ਦੇਣ ਦੀ ਘੋਸ਼ਣਾ ਕੀਤੀ ਹੈ।

## ਸੋਨਮ ਵਾਂਗਚੁਕ ਦੀ ਹਿਰਾਸਤ ਖ਼ਤਮ; ਸਰਕਾਰ ਨੇ NSA ਤਹਿਤ ਲਗਾਈਆਂ ਪਾਬੰਦੀਆਂ ਹਟਾਈਆਂ

ਨਵੀਂ ਦਿੱਲੀ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰ ਸਰਕਾਰ ਨੇ ਲੱਦਾਖ ਦੇ ਮਸ਼ਹੂਰ ਵਾਤਾਵਰਨ ਕਾਰਕੁਨ ਅਤੇ ਇੰਜੀਨੀਅਰ ਸੋਨਮ ਵਾਂਗਚੁਕ ਦੀ ਨਜ਼ਰਬੰਦੀ ਨੂੰ ਤੁਰੰਤ ਪ੍ਰਭਾਵ ਨਾਲ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਗ੍ਰਹਿ ਮੰਤਰਾਲੇ ਵੱਲੋਂ ਸ਼ਨੀਵਾਰ ਨੂੰ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਹ ਫੈਸਲਾ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਆਪਸੀ ਵਿਸ਼ਵਾਸ ਦਾ ਮਾਹੌਲ ਬਣਾਉਣ ਲਈ ਲਿਆ ਗਿਆ ਹੈ।

ਵਾਂਗਚੁਕ ਨੂੰ ਸਤੰਬਰ 2025 ਵਿੱਚ ਲੇਹ ਵਿੱਚ ਕਾਨੂੰਨ-ਵਿਵਸਥਾ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਕੌਮੀਂ ਸੁਰੱਖਿਆ ਐਕਟ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ, ਅਤੇ ਉਹ ਆਪਣੀ ਹਿਰਾਸਤ ਦੀ ਅੱਧੀ ਮਿਆਦ ਪੂਰੀ ਕਰ ਚੁੱਕੇ ਹਨ।

ਸਰਕਾਰ ਨੇ ਸਪੱਸ਼ਟ ਕੀਤਾ ਕਿ ਲੱਦਾਖ ਵਿੱਚ ਲਗਾਤਾਰ ਹੋ ਰਹੇ ਬੰਦ ਅਤੇ ਪ੍ਰਦਰਸ਼ਨਾਂ ਕਾਰਨ ਉੱਥੋਂ ਦੀ ਆਰਥਿਕਤਾ, ਸੈਰ-ਸਪਾਟਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ ’ਤੇ ਮਾੜਾ ਅਸਰ ਪੈ ਰਿਹਾ ਸੀ। ਗ੍ਰਹਿ ਮੰਤਰਾਲੇ ਅਨੁਸਾਰ, ਸਰਕਾਰ ਲੱਦਾਖ ਦੇ ਹਿੱਤਾਂ ਅਤੇ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਭਾਈਚਾਰਿਆਂ ਨਾਲ ਰਚਨਾਤਮਕ ਗੱਲਬਾਤ ਕਰਨ ਲਈ ਵਚਨਬੱਧ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਹੁਣ ਉੱਚ-ਪੱਧਰੀ ਕਮੇਟੀ ਰਾਹੀਂ ਲੱਦਾਖ ਦੇ ਭਖਦੇ ਮਸਲਿਆਂ ਦਾ ਹੱਲ ਕੱਢਿਆ ਜਾਵੇਗਾ, ਜਿਸ ਨਾਲ ਸਰਹੱਦੀ ਖੇਤਰ ਵਿੱਚ ਮੁੜ ਤੋਂ ਆਮ ਸਥਿਤੀ ਬਹਾਲ ਹੋ ਸਕੇਗੀ।

## ਇਰਾਨ ਦੇ ਖਾਰਗ ਟਾਪੂ ’ਤੇ ਵੱਡਾ ਹਮਲਾ: ਟਰੰਪ ਨੇ ਫੌਜੀ ਟਿਕਾਣੇ ‘ਪੂਰੀ ਤਰ੍ਹਾਂ ਤਬਾਹ’ ਕਰਨ ਦਾ ਕੀਤਾ ਦਾਅਵਾ

ਦੁਬਈ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਕਿ ਅਮਰੀਕੀ ਫੌਜਾਂ ਨੇ ਇਰਾਨ ਦੇ ਖਾਰਗ ਟਾਪੂ ’ਤੇ ਸਥਿਤ ਫੌਜੀ ਟਿਕਾਣਿਆਂ ਨੂੰ ਪੂਰੀ ਤਰ੍ਹਾਂ ‘ਤਬਾਹ’ ਕਰ ਦਿੱਤਾ ਹੈ। ਸੋਸ਼ਲ ਮੀਡੀਆ ਰਾਹੀਂ ਦਿੱਤੀ ਜਾਣਕਾਰੀ ਵਿੱਚ ਟਰੰਪ ਨੇ ਚੇਤਾਵਨੀ ਦਿੱਤੀ ਕਿ ਅਗਲਾ ਨਿਸ਼ਾਨਾ ਉੱਥੋਂ ਦਾ ਤੇਲ ਬੁਨਿਆਦੀ ਢਾਂਚਾ ਹੋ ਸਕਦਾ ਹੈ। ਦੱਸਣਯੋਗ ਹੈ ਕਿ ਫਾਰਸ ਦੀ ਖਾੜੀ ਵਿੱਚ ਸਥਿਤ ਇਹ ਛੋਟਾ ਜਿਹਾ ਟਾਪੂ ਇਰਾਨ ਦੇ ਤੇਲ ਬਰਾਮਦਗੀ ਦਾ ਮੁੱਖ ਕੇਂਦਰ ਹੈ, ਜਿੱਥੋਂ ਦੇਸ਼ ਦਾ ਜ਼ਿਆਦਾਤਰ ਤੇਲ ਬਾਹਰ ਭੇਜਿਆ ਜਾਂਦਾ ਹੈ। ਇਹ ਐਲਾਨ ਉਸ ਵੇਲੇ ਸਾਹਮਣੇ ਆਇਆ ਜਦੋਂ ਟਰੰਪ ਫਲੋਰੀਡਾ ਜਾਣ ਦੀ ਤਿਆਰੀ ਕਰ ਰਹੇ ਸਨ। ਹਾਲਾਂਕਿ, ਏਅਰ ਫੋਰਸ ਵਨ ਜਹਾਜ਼ ’ਤੇ ਸਵਾਰ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਤਾਂ ਦਿੱਤੇ, ਪਰ ਉੱਥੇ ਇਸ ਫੌਜੀ ਕਾਰਵਾਈ ਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਕਾਰਵਾਈ ਤੋਂ ਬਾਅਦ ਖੇਤਰ ਵਿੱਚ ਤਣਾਅ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਕਿਉਂਕਿ ਖਰਗ ਟਾਪੂ ਇਰਾਨ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ।

## ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਪੰਚਕੂਲਾ ਵਿੱਚ ਤਿੰਨ ਦਿਨਾਂ ਦੇ 38ਵੇਂ ਬਸੰਤ ਉਤਸਵ ਦਾ ਕੀਤਾ ਉਦਘਾਟਨ

ਚੰਡੀਗੜ੍ਹ, 15 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ੁਕਰਵਾਰ ਸੈਕਟਰ-5 ਸਥਿਤ ਟਾਉਨ ਪਾਰਕ ਵਿੱਚ ਤਿੰਨ ਦਿਨਾਂ ਦੇ 38ਵੇਂ ਬਸੰਤ ਉਤਸਵ ਦਾ ਉਦਘਾਟਨ ਕੀਤਾ। 37 ਸਾਲਾਂ ਵਿੱਚ ਪਹਿਲੀ ਵਾਰ ਇਸ ਉਸਤਵ ਦਾ ਆਯੋਜਨ ਸੂਰਜਕੁੰਡ ਮੇਲੇ ਦੀ ਤਰਜ ’ਤੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਰੱਖਰਖਾਵ ਦੇ ਲਈ ਸਾਲਭਰ ਵਿੱਚ ਬੰਦ ਏਸ਼ਿਆ ਦਾ ਸੱਭ ਤੋਂ ਬੰਦ, ਏਸ਼ਿਆ ਦਾ ਸੱਭ ਤੋਂ ਵੱਡਾ ਕੈਕਟਸ ਗਾਰਡਨ ਵੀ ਜਨਤਾ ਲਈ ਖੋਲਿਆ ਗਿਆ ਹੈ।

ਇਸ ਤੋਂ ਪਹਿਲਾਂ ਸ੍ਰੀ ਨਾਇਬ ਸਿੰਘ ਸੈਣੀ ਦਾ ਪ੍ਰੋਗਰਾਮ ਵਿੱਚ ਪਹੁੰਚਣ ’ਤੇ ਰਿਵਾਇਤੀ ਪੱਕ ਬੰਨ੍ਹ ਕੇ ਤੇ ਢੋਲ ਨਗਾਰਿਆਂ ਅਤੇ ਵਾਦ ਯੰਤਰਾਂ ਨਾਲ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਨੇ ਬਸੰਤ ਉਤਸਵ ਵਿੱਚ ਫੁੱਲਾਂ ਦੀ ਪ੍ਰਦਰਸ਼ਨੀ ਦਾ ਅਵਲੋਕਨ ਕੀਤਾ ਅਤੇ ਕੱਟ ਫਲਾਵਰ, ਡਰਾਈ ਫਲਾਵਰ ਅਤੇ ਫ੍ਰੇਸ਼ ਫਲਾਵਰ ਸੈਕਸ਼ਨ ਵਿੱਚ ਫੁੱਲਾਂ ਦੀ ਵੱਖ-ਵੱਖ ਕਿਸਮਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਨੇ ਸਵੈ ਸਹਾਇਤਾ ਸਮੂਹ ਵੱਲੋਂ ਨਿਰਮਾਣਤ ਵੱਖ-ਵੱਖ ਉਤਪਾਦਾਂ ਦੇ ਸਟਾਲਾਂ ਦਾ ਵੀ ਅਵਲੋਕਨ ਕੀਤਾ।

ਪ੍ਰੋਗਰਾਮ ਨੂੰ ਮੁੱਖ ਮਹਿਮਾਨ ਵਜੋ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਸੰਤ ਉਤਸਵ ਸਾਡੇ ਸਭਿਆਚਾਰ, ਕੁਦਰਤੀ ਪ੍ਰੇਮ ਤੇ ਸਮਾਜਿਕ ਭਾਈਚਾਰੇ ਦਾ ਜੀਵੰਤ ਉਤਸਵ ਹੈ। ਇਹ ਉਤਸਵ ਪੂਰੇ ਸੂਬੇ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਪੰਚਕੂਲਾ ਹਰਿਆਣਾ ਦਾ ਇੱਕ ਆਧੁਨਿਕ ਅਤੇ ਵਿਵਸਥਿਤ ਸ਼ਹਿਰ ਹੈ। ਇਹ ਨਗਰ ਕੁਦਰਤੀ ਸੁੰਦਰਤਾ, ਸਵੱਛ ਵਾਤਾਵਰਨ ਅਤੇ ਸੁਵਿਵਸਥਿਤ ਵਿਕਾਸ ਦਾ ਵਿਲੱਖਣ ਉਦਾਹਰਣ ਹੈ। ਇੱਥੇ ਆਧੁਨਿਕਤਾ ਅਤੇ ਰਿਵਾਇਤਾਂ ਦਾ ਸੁੰਦਰ ਸੰਗਮ ਦਿਖਾਈ ਦਿੰਦਾ ਹੈ ਅਤੇ ਅੱਜ ਦੇ ਇਸ ਆਯੋਜਨ ਨੇ ਇਸ ਸ਼ਹਿਰ ਦੀ ਸੁੰਦਰਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਉਤਸਵ ਨੂੰ ਆਕਰਸ਼ਕ ਬਨਾਉਣ ਲਈ ਪੁਸ਼ਪ ਸੱਜਾ, ਕੱਟ ਫਲਾਵਰ, ਰੰਗੋਲੀ ਮੁਕਾਬਲੇ, ਚਿਤਰਕਲਾ, ਪਾਟ ਪੇਟਿੰਗ, ਫੇਸ ਪੇਂਟਿੰਗ ਅਤੇ ਟੈਟੂ ਮੁਕਾਬਲੇ, ਵਾਤਾਵਰਣ ਕਵਿਜ, ਮੇਹੰਦੀ ਮੁਕਾਬਲੇ ਅਤੇ ਫੈਂਸੀ ਡ੍ਰੈਸ ਮੁਕਾਬਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇੰਨ੍ਹਾਂ ਸਾਰੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਪ੍ਰਤੀਭਾਗੀਆਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇੰਨ੍ਹਾ ਮੁਕਾਬਲਿਆਂ ਰਾਹੀਂ ਨਾ ਸਿਰਫ ਪ੍ਰਤੀਭਾਵਾਂ ਨੂੰ ਮੰਚ ਮਿਲੇਗਾ ਸਗੋ ਬੱਚਿਆਂ ਅਤੇ ਨੌਜੁਆਨਾ ਵਿੱਚ ਰਚਨਾਤਮਕਤਾ ਵੀ ਵਿਕਸਿਤ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਵਿਸ਼ਵ ਦਾ ਅਜਿਹਾ ਦੇਸ਼ ਹੈ, ਜਿੱਥੇ ਕੁਦਰਤ ਨੇ ਸਾਨੂੰ ਅਨੇਕ ਰੁੱਤਾਂ ਦਾ ਵਰਦਾਨ ਦਿੱਤਾ ਹੈ।



• ਦੇਵਿੰਦਰ ਦੀਦਾਰ
98142-45911

ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਪਿਆਂ ਦੀ ਲਾਪਰਵਾਹੀ ਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਤਬਾਹ ਹੋਣ ਕੰਢੇ ਪਹੁੰਚ ਰਿਹਾ ਹੈ...




# ਰਿਸ਼ਤਿਆਂ ’ਚ ਉੱਗੀ ਕਾਂਗਿਆਰੀ

ਜਦੋਂ ਬੱਚੇ ਆਪਣੇ ਬਜ਼ੁਰਗਾਂ ਨੂੰ ਹਨੇਰੇ ਕਮਰਿਆਂ ਵਿਚ ਬੰਦ ਕਰਕੇ ਆਪ ਚਾਨਣ ਦੀ ਤਲਾਸ਼ ਵਿਚ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਕਿਧਰੇ ਵੀ ਚਾਨਣ ਨਸੀਬ ਨਹੀਂ ਹੁੰਦਾ। ਜ਼ਿੰਦਗੀ ਦੇ ਰਾਹ ਰੁਸ਼ਨਾਉਣ ਲਈ ਮਾਂ-ਬਾਪ ਦੀਆਂ ਦੁਆਵਾਂ ਬਹੁਤ ਜ਼ਰੂਰੀ ਹੁੰਦੀਆਂ ਹਨ। ਜੋ ਘਰਦਿਆਂ ਦੀਆਂ ਅਸੀਸਾਂ ਲੈ ਕੇ ਨਹੀਂ ਤੁਰਦੇ, ਉਨ੍ਹਾਂ ਦੇ ਅਧਿਆਪਕ ਅਤੇ ਅਧਿਆਤਮਕ ਰਹਿਬਰ ਵੀ ਉਨ੍ਹਾਂ ਦੀ ਜ਼ਿੰਦਗੀ ਵਿਚ ਰੋਸ਼ਨੀ ਨਹੀਂ ਭਰ ਸਕਦੇ। ਧਾਰਮਿਕ ਯਾਤਰਾ ਅਤੇ ਦਾਨ-ਪੁੰਨ ਵੀ ਮਾਂ-ਬਾਪ ਦੀ ਸੇਵਾ ਤੋਂ ਬਾਅਦ ਹੀ ਫਲ ਦੇਂਦੇ ਹਨ।

ਮਾਂ-ਬਾਪ ਦੀ ਉਂਗਲੀ ਫੜੇ ਬਿਨਾਂ ਸ਼ਾਇਦ ਹੀ ਕੋਈ ਤੁਰਨਾ ਸਿੱਖਿਆ ਹੋਵੇ। ਜਿਨ੍ਹਾਂ ਨੇ ਮਾਂ ਦੀ ਲੋਰੀ ਬਿਨਾਂ ਬਚਪਨ ਗੁਜ਼ਾਰਿਆ ਹੁੰਦਾ ਹੈ, ਉਨ੍ਹਾਂ ਨੂੰ ਦੁਨੀਆ ਦਾ ਕੋਈ ਸੰਗੀਤ ਵੀ ਸਕੂਨ ਨਹੀਂ ਦੇ ਸਕਦਾ। ਸੰਸਾਰ ਵਿਚ ਅਜੇ ਤਕ ਕੋਈ ਵੀ ਇਸ ਤਰ੍ਹਾਂ ਦਾ ਝੂਲਾ ਨਹੀਂ ਬਣਿਆ ਜੋ ਮਾਂ ਦੀ ਗੋਦੀ ਅਤੇ ਬਾਪ ਦੇ ਕੰਧਾੜੇ ਦਾ ਮੁਕਾਬਲਾ ਕਰ ਸਕੇ। ਜਿਸ ਨੇ ਵੀ ਮਾਂ-ਬਾਪ ਤੋਂ ਬੇਮੁੱਖ ਹੋ ਕੇ ਮਾਇਆ ਅਤੇ ਪਦਵੀਆਂ ਨੂੰ ਪਹਿਲ ਦਿੱਤੀ ਹੈ, ਉਸ ਨੂੰ ਬਹੁਤ ਘੱਟ ਕਾਮਯਾਬੀ ਹਾਸਲ ਹੋਈ ਹੈ। ਦੁਖੀ ਮਾਂ-ਬਾਪ ਦੇ ਹਾਉਕੇ। ਡਰਾਉਣੇ ਸੁਪਨੇ ਬਣ ਕੇ ਉਨ੍ਹਾਂ ਦੀ ਨੀਂਦ ਹਰਾਮ ਕਰਦੇ ਰਹਿੰਦੇ ਹਨ। ਸਮਾਜ ਵੱਲੋਂ ਮਿਲਦੀਆਂ ਲਾਹਨਤਾਂ ਤੇ ਫਿਟਕਾਰਾਂ ਵੀ ਉਨ੍ਹਾਂ ਨੂੰ ਸੁਖ-ਚੈਨ ਨਾਲ ਨਹੀਂ ਜਿਊਣ ਦੇਂਦੀਆਂ। ਕੁਰਖ਼ਤ ਕਿਸਮ ਦੇ ਲੋਕ ਅਕਸਰ ਦੂਸਰਿਆਂ ਨੂੰ ਖ਼ੁਸ਼ ਨਹੀਂ ਵੇਖ ਸਕਦੇ। ਕਿਸੇ ਦਾ ਕੰਮ ਸੰਵਾਰਨ ਦੀ ਥਾਂ, ਉਹ ਕੰਮ ਵਿਗਾੜਨ ਵਿਚ ਜ਼ਿਆਦਾ ਰੁਚੀ ਰੱਖਦੇ ਹਨ। ਖੇਡ ਰਹੇ ਬੱਚਿਆਂ ਨੂੰ ਪਟੋਕੀਆਂ ਮਾਰ ਕੇ ਰਵਾਉਣਾ, ਕਿਸੇ ਦੀ ਪ੍ਰਾਪਤੀ ਨੂੰ ਵਡਿਆਉਣ ਦੀ ਥਾਂ ਉਸ ਦਾ ਹੌਂਸਲਾ ਤੋੜਨਾ, ਕਿਸੇ ਨੂੰ ਜਿੱਤ ਦੀ ਵਧਾਈ ਦੇਣ ਦੀ ਥਾਂ ਦੂਸਰੀ ਧਿਰ ਨੂੰ ਜ਼ਿਆਦਾ ਹੀ ਕਮਜ਼ੋਰ ਦੱਸ ਕੇ ਉਸ ਦੀ ਜਿੱਤ ਨੂੰ ਨਿਗੁਣਾ ਸਿੱਧ ਕਰਨਾ, ਕਿਸੇ ਦੇ ਚੰਗੇ ਭਲੇ ਕੰਮ ’ਚੋਂ ਕੀੜੇ ਕੱਢਣੇ ਆਦਿ ਉਨ੍ਹਾਂ ਦੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਦੇ ਲੋਕਾਂ ਦਾ ਪਿਛੋਕੜ ਵੇਖਿਆ ਜਾਵੇ ਤਾਂ ਉਹ ਬਚਪਨ ਵਿਚ ਆਪਣੇ ਮਾਂ-ਬਾਪ ਦੇ ਪਿਆਰ ਤੋਂ ਵਿਰਵੇ ਰਹੇ ਹੁੰਦੇ ਹਨ। ਉੱਚੀ ਬੋਲ ਕੇ ਆਪਣੀ ਗੱਲ ਮਨਾਉਣ ਕਰਕੇ, ਅਕਸਰ ਇਹ ਲੋਕਾਂ ਤੋਂ ਦੂਰ ਹੋ ਜਾਂਦੇ ਹਨ। ਇਕ ਕੰਮ ਜਾਂ ਇਕ ਨੌਕਰੀ ਵਿਚ ਜ਼ਿਆਦਾ ਚਿਰ ਟਿਕ ਵੀ ਨਹੀਂ ਸਕਦੇ। ਦੂਸਰੇ ਦੀ ਗੱਲ ਸੁਣਨ ਜਾ ਮੰਨਣ ਨੂੰ ਆਪਣੀ ਤੌਹੀਨ ਸਮਝਣ ਵਾਲੇ ਇਸ ਤਰ੍ਹਾਂ ਦੇ ਲੋਕ ਜ਼ਿੰਦਗੀ ਵਿਚ ਘੱਟ ਹੀ ਮਿਲਾਪੜੇ ਹੁੰਦੇ ਹਨ। ਅਕਸਰ ਇਨ੍ਹਾਂ ਨੂੰ ਕੱਲ-ਖੋਰਿਆਂ ਦਾ ਨਾਂ ਹੀ ਮਿਲਦਾ ਹੈ।

ਅੱਜਕਲ੍ਹ ਜ਼ਿਆਦਾਤਰ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕੰਮ ਕਰਨ ਦੀ ਚੇਟਕ ਪਾਉਣ ਵਿਚ ਅਸਫਲ ਰਹਿ ਰਹੇ ਹਨ। ਘਰ ਦੇ ਨਿੱਕੇ-ਨਿੱਕੇ ਕੰਮ ਕਰਨ ਵਿਚ ਬੱਚਿਆਂ ਦੀ ਦਿਲਚਸਪੀ ਪੈਦਾ ਨਹੀਂ ਕੀਤੀ ਜਾ ਰਹੀ, ਉਸ ਦੀ ਥਾਂ ਮਾਂ-ਬਾਪ ਖ਼ੁਦ ਉਨ੍ਹਾਂ ਦੇ ਸਾਰੇ ਕੰਮ ਕਰ ਦੇਂਦੇ ਹਨ। ਇਸ ਤਰ੍ਹਾਂ ਦੇ ਬੱਚੇ ਫਿਰ ਸਾਰੀ ਉਮਰ ਖ਼ੁਦ ਕੰਮ ਕਰਨ ਦੇ ਕਾਬਿਲ ਨਹੀਂ ਹੁੰਦੇ। ਉਹ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਬੌਸ ਸਮਝਣ ਦਾ ਭੁਲੇਖਾ ਪਾਲ ਲੈਂਦੇ ਹਨ। ਉਨ੍ਹਾਂ ਨੂੰ ਜੇ ਕਿਧਰੇ ਨੌਕਰੀ ਮਿਲ ਵੀ ਜਾਵੇ ਤਾਂ ਉਹ ਆਪਣੇ ਟੇਬਲ ਦਾ ਨੱਕਾ ਆਪਣੇ ਲਾਗਲੇ ਟੇਬਲ ਵੱਲ ਮੋੜਨ ਦਾ ਬਹਾਨਾ ਲੱਭ ਹੀ ਲੈਂਦੇ ਹਨ। ਜਿਨ੍ਹਾਂ ਨੇ ਮਾਂ-ਬਾਪ ਤੋਂ ਲਗਨ ਨਾਲ ਕੰਮ ਕਰਨ ਅਤੇ ਇਮਾਨਦਾਰੀ ਦੀ ਗੁੜ੍ਹਤੀ ਲਈ ਹੁੰਦੀ ਹੈ ਉਹ ਜ਼ਿਆਦਾਤਰ ਕਾਮਯਾਬ ਇਨਸਾਨ ਹੀ ਸਿੱਧ ਹੁੰਦੇ ਹਨ। ਉਨ੍ਹਾਂ ਦਾ ਟੇਬਲ ਦੂਸਰੇ ਸਾਥੀਆਂ ਦੀਆਂ ਫਾਈਲਾਂ ਨਾਲ ਭਰਿਆ ਹੀ ਰਹਿੰਦਾ ਹੈ, ਪਰ ਇਕ ਬੰਦਾ ਕਿੰਨਾ ਕੁ ਕੰਮ ਕਰ ਸਕਦਾ ਹੈ? ਕੰਮ-ਚੋਰ ਲੋਕਾਂ ਦੀ ਬਹੁਤਾਤ ਕਰਕੇ ਹੀ ਦਫ਼ਤਰਾਂ ਦੇ ਕੰਮਾਂ ਵਿਚ ਖੜੋਤ ਆ ਰਹੀ ਹੈ। ਸ਼ਾਇਦ ਇਸ ਖੜੋਤ ਕਾਰਨ ਹੀ ਸਾਰਾ ਦੇਸ਼ ਇਕ ਥਾਂ ਆਣ ਕੇ ਖਲੋ ਗਿਆ ਲੱਗਦਾ ਹੈ। ਬਸ ਘੜੀਆਂ ਦੀ ਟਿਕ-ਟਿਕ ਨਾਲ ਹੀ ਲੱਗਦਾ ਹੈ ਕਿ ਦੇਸ਼ ਅੱਗੇ ਨੂੰ ਵੱਧ ਰਿਹਾ ਹੈ।



ਸਾਡੇ ਜ਼ਿਆਦਾਤਰ ਲੋਕ ਕੰਮ ਕਰਨ ਦੀ ਥਾਂ ਬਹਿਸਾਂ ਵਿਚ ਉਲਝਦੇ ਜਾ ਰਹੇ ਹਨ। ਬਹਿਸਾਂ ਭਾਵੇਂ ਸੱਥਾਂ ਦੀਆਂ, ਵਿਧਾਨ ਸਭਾ ਦੀਆਂ, ਪਾਰਲੀਮੈਂਟ ਦੀਆਂ ਜਾਂ ਫਿਰ ਟੀ.ਵੀ. ਦੀਆਂ ਹੋਣ, ਹਰ ਕੋਈ ਦੂਸਰੇ ਉੱਪਰ ਨਫ਼ਰਤ ਭਰਿਆ ਚਿੱਕੜ ਸੁੱਟ ਕੇ ਆਪਣੇ ਆਪ ਨੂੰ ਸਾਫ਼-ਸੁਥਰਾ ਸਿੱਧ ਕਰਨ ਵਿਚ ਲੱਗਾ ਹੋਇਆ ਹੈ। ਆਪਣੀ ਪਸੰਦ ਦੂਸਰੇ ਉੱਪਰ ਥੋਪਣ ਦਾ ਰਿਵਾਜ ਵੀ ਚਰਮ ਸੀਮਾ ’ਤੇ ਹੈ ਅਤੇ ਆਪਣੇ ਧਰਮ ਨੂੰ ਸਭ ਤੋਂ ਵਿਸ਼ੇਸ਼ ਸਿੱਧ ਕਰਨ ਦੀ ਦੌੜ ਵੀ ਦਿਨੋ-ਦਿਨ ਵਧ ਰਹੀ ਹੈ। ਇਸ ਅੰਨ੍ਹੀ ਦੌੜ ਅਤੇ ਬਹਿਸ ਕਾਰਨ ਹੀ ਆਜ਼ਾਦੀ ਦੇ ਏਨੇ ਦਹਾਕੇ ਬੀਤ ਜਾਣ ਬਾਅਦ ਵੀ ਆਮ ਲੋਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਵੀ ਨਸੀਬ ਨਹੀਂ ਹੋ ਰਹੀਆਂ। ਗ਼ਰੀਬਾਂ ਲਈ ਰੋਟੀ, ਕੱਪੜੇ ਅਤੇ ਮਕਾਨ ਦੀ ਸਮੱਸਿਆ ਵੀ ਜ਼ਿਆਦਾਤਰ ਸਰਕਾਰੀ ਫਾਈਲਾਂ ਵਿਚ ਹੀ ਰੁਲ ਰਹੀ ਹੈ।

ਇਕ ਜ਼ਮਾਨਾ ਸੀ ਜਦੋਂ ਤਕਰੀਬਨ ਹਰ ਘਰ ਵਿਚ ਸ਼ਾਮ ਨੂੰ ਬੱਚੇ ਦਾਦੀਆਂ-ਨਾਨੀਆਂ ਦੇ ਮੰਜੇ ਲਾਗੇ ਇਕੱਠੇ ਹੋ ਕੇ ਕਈ ਤਰ੍ਹਾਂ ਦੀਆਂ ਬੁਝਾਰਤਾਂ, ਬਾਤਾਂ ਅਤੇ ਹੋਰ ਹੱਡ-ਬੀਤੀਆਂ ਤੇ ਜੱਗ-ਬੀਤੀਆਂ ਸੁਣਦੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਸਿੱਖ-ਮੱਤ ਅਤੇ ਹੋਰ ਸੰਸਕਾਰ ਵੀ ਸਿੱਖਣ ਨੂੰ ਮਿਲਦੇ ਸਨ। ਅੱਜ ਕਲ੍ਹ ਅੱਵਲ ਤਾਂ ਬੱਚਿਆਂ ਨੂੰ ਫੋਨ, ਨੈੱਟ ਅਤੇ ਟੀ.ਵੀ. ਹੀ ਬਜ਼ੁਰਗਾਂ ਦੇ ਲਾਗੇ ਨਹੀਂ ਢੁੱਕਣ ਦੇਂਦੇ, ਜੇ ਭੁੱਲ-ਭੁਲੇਖੇ ਉਹ ਦਾਦੀ ਜਾਂ ਨਾਨੀ ਦੇ ਕਮਰੇ ਵਿਚ ਚਲੇ ਵੀ ਜਾਂਦੇ ਹਨ ਤਾਂ ਉਸੇ ਵਕਤ ਉਨ੍ਹਾਂ ਨੂੰ ਹੋਮ-ਵਰਕ ਕਰਨ ਦੀ ਆਵਾਜ਼ ਪੈ ਜਾਂਦੀ ਹੈ। ਬਜ਼ੁਰਗਾਂ ਦੀ ਸੰਗਤ ਤੋਂ ਬਿਨਾਂ ਹੋਈ ਪਰਵਰਿਸ਼ ਬੱਚਿਆਂ ਨੂੰ ਫਿਰ ਕੀ ਸਿਖਾਵੇਗੀ ? ਸਾਂਝੇ ਪਰਵਾਰਾਂ ਵਿਚ ਬੱਚੇ ਆਪਣੇ ਆਪ ਹੀ ਬਹੁਤ ਕੁਝ ਸਿੱਖ ਜਾਂਦੇ ਸਨ ਅਤੇ ਬਚਪਨ ਵਿਚ ਸਿੱਖੀਆਂ ਗਲਾਂ ਅਤੇ ਪਈਆਂ ਆਦਤਾਂ ਉਮਰ ਭਰ ਉਨ੍ਹਾਂ ਦੇ ਨਾਲ ਨਿਭਦੀਆਂ ਸਨ।

ਬੱਚਿਆਂ ਦੇ ਕੁਰਾਹੇ ਪੈਣ ਦਾ ਇਕ ਕਾਰਨ ਪੜ੍ਹਾਈ ਵਿਚ ਆ ਰਹੀ ਤਬਦੀਲੀ ਵੀ ਹੈ। ਟਿਊਸ਼ਨ ਸੈਂਟਰਾਂ ਦਾ ਚਲਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਕੁਝ ਘੰਟਿਆਂ ਦੀ ਕੋਚਿੰਗ ਨਾਲ ਬੱਚੇ ਆਪਣੇ ਸੁਪਨੇ ਪੂਰੇ ਕਰਨ ਦੇ ਸੁਪਨੇ ਵੇਖਣ ਲੱਗ ਪਏ ਹਨ। ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਟਿਊਸ਼ਨ ਸੈਂਟਰਾਂ ਦੀ ਵਧਦੀ ਜਾ ਰਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜ਼ਿਆਦਾਤਰ ਟਿਊਸ਼ਨ ਸੈਂਟਰ ਉਹ ਲੋਕ ਚਲਾ ਰਹੇ ਹਨ, ਜਿਨ੍ਹਾਂ ਨੂੰ ਸੌ ਕੋਸ਼ਿਸ਼ ਕਰਨ ਬਾਅਦ ਵੀ ਖ਼ੁਦ ਨੂੰ ਨੌਕਰੀ ਨਸੀਬ ਨਹੀਂ ਹੁੰਦੀ, ਫੇਰ ਉਹ ਸੈਂਟਰ ਸਕੂਲ-ਕਾਲਜਾਂ ਦੀ ਥਾਂ ਕਿਵੇਂ ਲੈ ਸਕਦੇ ਹਨ? ਉੱਥੋਂ ਵਰਗਾ ਅਨੁਸ਼ਾਸਨ, ਅਧਿਆਪਕਾਂ ਦੀ ਸੇਧ ਨਾਲ ਮਿਲੀ ਜੀਵਨ-ਜਾਚ, ਇਕ ਘੰਟਾ ਪੜ੍ਹਾਉਣ ਆਇਆ ਟਿਊਟਰ ਜਿਸ ਨੇ ਦੋ-ਚਾਰ ਸੈਂਟਰਾਂ ਵਿਚ ਹੋਰ ਜਾਣਾ ਹੁੰਦਾ ਹੈ, ਬੱਚਿਆਂ ਨੂੰ ਜ਼ਿੰਦਗੀ ਬਾਰੇ ਕੀ ਸਿਖਾ ਸਕਦਾ ਹੈ? ਟਿਊਸ਼ਨ ਸੈਂਟਰ ਤਾਂ ਕਿਸੇ ਖ਼ਾਸ ਸੰਸਥਾ ਵਿਚ ਦਾਖਲਾ ਦਿਵਾਉਣ ਦਾ ਕੰਮ ਕਰ ਸਕਦੇ ਹਨ।

ਬੱਚੇ ਦੋ ਘੰਟੇ ਪੜ੍ਹ ਕੇ ਬਾਕੀ ਸਾਰਾ ਦਿਨ ਹੀ ਵਿਹਲੇ ਹੁੰਦੇ ਹਨ। ਭਾਵੇਂ ਕਿ ਘਰਦਿਆਂ ਦੀ ਨਜ਼ਰ ਵਿਚ ਉਹ ਪੜ੍ਹਨ ਗਏ ਹੁੰਦੇ ਹਨ। ਖ਼ਾਲੀ ਬੱਚਿਆਂ ਦੇ ਫਿਰ ਕੀ ਰੁਝੇਵੇਂ ਹੋ ਸਕਦੇ ਹਨ? ਫੋਨ ਉੱਪਰ ਲੱਗੇ ਰਹਿਣਾ, ਨੈੱਟ, ਟੀ.ਵੀ. ਤੇ ਫਿਲਮਾਂ ਵਿਚ ਰੁੱਝੇ ਰਹਿਣਾ ਜਾਂ ਫਿਰ ਆਪਣੇ ਵਰਗੇ ਵਿਹਲਿਆਂ ਦੀ ਸੰਗਤ ਮਾਣਨੀ। ਬੱਚਿਆਂ ਦੀ ਇਸ ਤਰ੍ਹਾਂ ਵਕਤ ਦੀ ਬਰਬਾਦੀ ਬਾਰੇ ਸੋਚਣ ਦੀ ਬਹੁਤ ਜ਼ਰੂਰਤ ਹੈ। ਜਿੰਨਾ ਚਿਰ ਬੱਚਿਆਂ ਨੂੰ ਕੀ ਵੱਡਿਆਂ ਨੂੰ ਵੀ ਰੁਝਾਉਣ ਲਈ ਕੋਈ ਰੁਜ਼ਗਾਰ, ਕਾਰੋਬਾਰ ਨਹੀਂ ਮਿਲਦਾ, ਓਨਾ ਚਿਰ ਦੇਸ਼ ਵਿੱਚੋਂ ਅਰਾਜਕਤਾ, ਭੁੱਖਮਰੀ ਅਤੇ ਨਿੱਤ ਵਧ ਰਹੀਆਂ ਇਹ ਮਾੜੀਆਂ ਘਟਨਾਵਾਂ ਖ਼ਤਮ ਨਹੀਂ ਹੋ ਸਕਦੀਆਂ। ‘ਵਰਕ ਕਲਚਰ’ ਪੈਦਾ ਕਰਨਾ ਸਭ ਤੋਂ ਵੱਡੀ ਜ਼ਰੂਰਤ ਹੈ। ਜੇ ਦੇਸ਼ ਨੂੰ ਮਾੜੀਆਂ ਅਲਾਮਤਾਂ ਤੋਂ ਬਚਾਉਣਾ ਹੈ ਤਾਂ ਹੁਨਰ-ਮੰਦ ਰੁਝੇਵੇ ਲੱਭਣੇ ਪੈਣੇ ਹਨ।

ਸਕੂਲ-ਕਾਲਜ ਵਿਚ ਬੱਚੇ ਸਾਰਾ ਦਿਨ ਰੁਝੇਵਿਆਂ ਵਿਚ ਰੁੱਝੇ ਰਹਿੰਦੇ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਹਿੱਸਾ ਲੈਣਾ ਆਦਿ। ਸਕੂਲਾਂ-ਕਾਲਜਾਂ ਵਿੱਚੋਂ ਸਿਰਫ਼ ਵਿੱਦਿਆ ਹੀ ਨਹੀਂ ਮਿਲਦੀ, ਉੱਥੇ ਬੱਚੇ ਦੀ ਪੂਰੀ ਸ਼ਖ਼ਸੀਅਤ ਨੂੰ ਹੀ ਨਿਖਰਨ ਦਾ ਮੌਕਾ ਮਿਲਦਾ ਹੈ। ਇਨ੍ਹਾਂ ਨੇ ਦੇਸ਼ ਨੂੰ ਵਧੀਆ ਖਿਡਾਰੀ ਹੀ ਨਹੀਂ ਦਿੱਤੇ, ਸਗੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਸਫਲਤਾ ਪੈਦਾ ਕਰਨ ਵਾਲੇ ਬੱਚੇ ਵੀ ਪੈਦਾ ਕੀਤੇ ਹਨ। ਇਕ-ਦੋ ਘੰਟੇ ਦੀ ਪੜ੍ਹਾਈ ਬਾਅਦ ਬੱਚਾ ਸਾਰਾ ਦਿਨ ਕੀ ਕਰਦਾ ਹੈ, ਇਸ ਵਿਚ ਟਿਊਸ਼ਨ ਸੈਂਟਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ। ਸਾਡੇ ਕਿੰਨੇ ਫ਼ੀਸਦੀ ਬੱਚੇ ਹਨ ਜਿਨ੍ਹਾਂ ਨੂੰ ਆਪਣੇ ਨਿਸ਼ਾਨੇ ਦਾ ਗਿਆਨ ਹੁੰਦਾ ਹੈ ਅਤੇ ਉਹ ਪੜ੍ਹਨ ਨੂੰ ਤਰਜੀਹ ਦੇਂਦੇ ਹਨ? ਬੱਚੇ ਦੀ ਚੌਵੀ ਘੰਟੇ ਰਾਖੀ ਨਹੀਂ ਹੋ ਸਕਦੀ, ਬਸ ਉਨ੍ਹਾਂ ਨੂੰ ਵਧੀਆ ਸੰਸਕਾਰ ਦੇਣ ਦੀ ਜ਼ਰੂਰਤ ਹੁੰਦੀ ਹੈ। ਆਖਦੇ ਹਨ ਕਿ ਬੱਚਿਆਂ ਲਈ ਚੌਦਾਂ-ਪੰਦਰਾਂ ਤੋਂ ਵੀਹ-ਬਾਈ ਸਾਲ ਦਾ ਸਮਾਂ ਸਭ ਤੋਂ ਖ਼ਤਰਨਾਕ ਹੁੰਦਾ ਹੈ। ਬੱਚੇ ਇਸ ਉਮਰੇ ਸਭ ਤੋਂ ਵੱਧ ਲਾਈਲਗ ਹੁੰਦੇ ਹਨ, ਇਸ ਦਲੇਰ ਉਮਰ ਵਿਚ ਉਹ ਆਪਣੇ ਆਪ ਨੂੰ ਬਾਕੀਆਂ ਨਾਲੋਂ ਸਿਆਣਾ ਅਤੇ ਤਾਕਤਵਰ ਵੀ ਸਮਝਣ ਦਾ ਭਰਮ ਵੀ ਪਾਲ ਲੈਂਦੇ ਹਨ ਅਤੇ ਕੋਈ ਗ਼ਲਤ ਕਦਮ ਚੁੱਕਣ ਤੋਂ ਵੀ ਨਹੀਂ ਝਕਦੇ।

ਇਕ ਕਹਾਵਤ ਹੈ ‘ਖ਼ਾਲੀ ਦਿਮਾਗ਼ ਸ਼ੈਤਾਨ ਦਾ ਘਰ’। ਇਸ ਉਮਰ ਵਿਚ ਬੱਚੇ ਨੂੰ ਲੋੜੀਂਦਾ ਰੁਝੇਵਾਂ ਨਾ ਦਿੱਤਾ ਜਾਵੇ ਤਾਂ ਉਸ ਦੇ ਭਟਕ ਜਾਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਦੁਨੀਆ ਵਿਚ ਜਿੰਨੀਆਂ ਵੀ ਮਾੜੀਆਂ ਘਟਨਾਵਾਂ, ਮਾੜੇ ਕੰਮ ਜਾਂ ਹੋਰ ਵੀ ਗ਼ਲਤ ਕੰਮ ਹੋ ਰਹੇ ਹਨ, ਉਹ ਜ਼ਿਆਦਾਤਰ ਵਿਹਲੇ ਦਿਮਾਗ਼ ਦੀ ਉਪਜ ਹੀ ਹੁੰਦੇ ਹਨ। ਰੁੱਝੇ ਹੋਏ ਬੰਦੇ ਕੋਲ ਤਾਂ ਰੋਟੀ ਖਾਣ ਦੀ ਵਿਹਲ ਨਹੀਂ ਹੁੰਦੀ, ਕੋਈ ਮਾੜਾ ਕੰਮ ਕਰਨਾ ਜਾਂ ਸੋਚਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਜੇ ਸਾਡੇ ਬੱਚੇ ਅੱਜ ਕਾਂਗਿਆਰੀ ਦਾ ਰੂਪ ਧਾਰਨ ਕਰ ਰਹੇ ਹਨ, ਤਾਂ ਇਸ ਵਿਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ ਹੁੰਦਾ। ਕੁਝ ਪਰਵਾਰਿਕ ਜ਼ੀਨ ਅਤੇ ਮਾਂ-ਬਾਪ ਅਤੇ ਸਮਾਜ ਦੀ ਲਾਪਰਵਾਹੀ ਵੀ ਬੱਚਿਆਂ ਨੂੰ ਕੁਰਾਹੇ ਪਾਉਣ ਲਈ ਜ਼ਿੰਮੇਵਾਰ ਹੁੰਦੀ ਹੈ। ਬੇਰੁਜ਼ਗਾਰੀ ਦੇ ਇਸ ਭਿਆਨਕ ਯੁੱਗ ਵਿਚ ਜ਼ਿਆਦਾਤਰ ਬੱਚੇ ਮੌਜੂਦਾ ਸਿਸਟਮ ਤੋਂ ਨਿਰਾਸ਼ ਹੁੰਦੇ ਜਾ ਰਹੇ ਹਨ। ਆਪਣੇ ਇਨ੍ਹਾਂ ਹਾਲਾਤ ਲਈ ਉਹ ਸਰਕਾਰ ਤੇ ਸਮਾਜ ਦੇ ਨਾਲ-ਨਾਲ ਪਰਿਵਾਰ ਨੂੰ ਵੀ ਓਨਾ ਹੀ ਕਸੂਰਵਾਰ ਸਮਝਦੇ ਹਨ। ਮਾੜਾ ਜਿਹਾ ਧੱਕਾ ਹੋਣ ’ਤੇ ਉਹ ਬਾਗ਼ੀ ਤੇਵਰ ਅਖ਼ਤਿਆਰ ਕਰ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਨਹੀਂ ਲੱਗਦਾ ਤਾਂ ਉਹ ਸਿਸਟਮ ਵਿਰੁੱਧ ਲਾਮਬੰਦ ਹੋ ਕੇ ਉਨ੍ਹਾਂ ਨੂੰ ਸਬਕ ਸਿਖਾਉਣਾ ਆਪਣਾ ਮਕਸਦ ਬਣਾ ਲੈਂਦੇ ਹਨ। ਜੇ ਸਭ ਕੋਲ ਉਨ੍ਹਾਂ ਦੀ ਹੈਸੀਅਤ ਮੁਤਾਬਕ ਰੁਜ਼ਗਾਰ ਹੋਵੇ ਤਾਂ ਸਭ ਖ਼ੁਦ-ਬ-ਖ਼ੁਦ ਵਧੀਆ ਨਾਗਰਿਕ ਬਣ ਕੇ ਦੇਸ਼ ਦੀ ਉਸਾਰੀ ਵਿਚ ਹਿੱਸਾ ਪਾਉਣ ਲੱਗ ਪੈਣਗੇ।

ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਅਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਂ-ਬਾਪ ਦੀ ਲਾਪਰਵਾਹੀ ਅਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਹੀ ਨੁਕਸਾਨਿਆ ਜਾ ਰਿਹਾ ਹੈ। ਹਰ ਇਕ ਕੋਲ ਕਿਸੇ ਵੀ ਸਵਾਲ ਦਾ ਜਵਾਬ ਉਸ ਤੋਂ ਵੀ ਕਰੜੇ ਲਫ਼ਜ਼ਾਂ ਵਿਚ ਹੁੰਦਾ ਹੈ। ਅੱਜ ਖੇਤੀਬਾੜੀ ਯੂਨੀਵਰਸਟੀ ਵੱਲੋਂ ਪ੍ਰਮਾਣਿਤ ਬੀਜਾਂ ਵਿਚ ਵੀ ਕਾਂਗਿਆਰੀ ਉੱਗ ਪੈਂਦੀ ਹੈ, ਫੇਰ ਸਧਾਰਨ ਪਰਿਵਾਰ ਦੇ ਬੱਚਿਆਂ ਦੀ ਗਰੰਟੀ ਕੌਣ ਲਵੇਗਾ? •

ਗੁਆਂਢੀਆਂ ਦੇ ਸਹਿਯੋਗ ਤੇ ਚੰਗੇ ਮੇਲ ਮਿਲਾਪ ਦੇ ਪਲੱਸਤਰ ਨਾਲ ਹੀ ਘਰ ਸੁਰੱਖਿਅਤ ਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ...



# ਰੱਬ ਵਰਗਾ ਸਹਾਰਾ ਹੁੰਦੇ ਹਨ ਗੁਆਂਢੀ

• ਸੁਖਮੰਦਰ ਸਿੰਘ ਤੂਰ

ਮਨੁੱਖੀ ਜੀਵਨ ਵਿਚ ਭੌਤਿਕ ਜ਼ਰੂਰਤਾਂ ਤੋਂ ਇਲਾਵਾ ਮਨੁੱਖੀ ਭਾਵਨਾਵਾਂ ਦਾ ਵੀ ਬਹੁਤ ਮਹੱਤਵ ਹੈ। ਕੋਈ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਉਹ ਆਉਣ ਵਾਲੇ ਸੰਕਟ ਬਾਰੇ ਕੁਝ ਨਹੀਂ ਜਾਣ ਸਕਦਾ ਅਤੇ ਸੰਕਟ ਦਾ ਮੁਕਾਬਲਾ ਇਕੱਲਿਆਂ ਕਰਨਾ ਔਖਾ ਹੁੰਦਾ ਹੈ। ਇਸ ਕਰਕੇ ਅਜਿਹੇ ਵਿਚ ਕੋਲ ਰਹਿੰਦੇ ਗੁਆਂਢੀ ਸਭ ਤੋਂ ਵੱਧ ਮਦਦਗਾਰ ਸਾਬਤ ਹੁੰਦੇ ਹਨ।

ਪਿੰਡਾਂ/ਕਸਬਿਆਂ ਅਤੇ ਛੋਟੇ ਨਗਰਾਂ ਦੇ ਸੱਭਿਆਚਾਰ ਨੂੰ ਅੱਜ ਵੀ ਵੱਡੇ ਸ਼ਹਿਰਾਂ ਦੇ ਸੱਭਿਆਚਾਰ ਤੋਂ ਚੰਗਾ ਮੰਨਿਆ ਜਾਂਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਪਿੰਡਾਂ/ਕਸਬਿਆਂ ਅਤੇ ਛੋਟੇ ਸ਼ਹਿਰਾਂ ਦੇ ਲੋਕਾਂ ਵਿਚ ਆਪਸੀ ਮੇਲ-ਮਿਲਾਪ, ਪਿਆਰ, ਸਹਿਯੋਗ ਤੇ ਛੋਟੇ-ਵੱਡਿਆਂ ਲਈ ਆਦਰ ਤੇ ਪ੍ਰੇਮ-ਭਾਵ ਹੁੰਦਾ ਹੈ। ਅੱਜ ਦੇ ਇਸ ਰੁਝੇਵਿਆਂ ਭਰੇ ਯੁੱਗ ਵਿਚ ਵੀ ਜੇ ਕਿਸੇ ਪਿੰਡ/ਕਸਬੇ ਆਦਿ ਵਿਚ ਕੋਈ ਸਾਧਾਰਨ ਜਿਹਾ ਹਾਦਸਾ ਵਾਪਰ ਜਾਵੇ ਤਾਂ ਇਸ ਦੀ ਖ਼ਬਰ ਅੱਗ ਵਾਂਗੂ ਪਿੰਡ/ਕਸਬੇ ਵਿਚ ਹੀ ਨਹੀਂ ਬਲਕਿ ਆਸ-ਪਾਸ, ਦੂਰ-ਦੁਰਾਡੇ ਪੁੱਜ ਜਾਂਦੀ ਹੈ। ਇਹੀ ਗੱਲ ਸ਼ਹਿਰਾਂ ਦੇ ਪੁਰਾਣੇ ਗਲੀ ਅਤੇ ਮੁਹੱਲਿਆਂ ਦੀ ਹੈ।

ਨਵੇਂ ਜ਼ਮਾਨੇ ਦੀ ਦੌੜ ਵਿਚ ਅੱਗੇ ਰਹਿਣ ਵਾਲੇ ਨਗਰਾਂ ਅਤੇ ਮਹਾਂਨਗਰਾਂ ਵਿਚ ਹਾਲਾਤ ਬਿਲਕੁਲ ਵੱਖਰੇ ਹਨ। ਆਸ-ਪਾਸ ਜਾਂ ਕੁਝ ਦੂਰੀ ਦੀ ਗੱਲ ਤਾਂ ਕਿਧਰੇ ਰਹੀ, ਠੀਕ ਨਾਲ ਵਾਲੇ ਜਾਂ ਉੱਪਰ-ਥੱਲੇ ਰਹਿਣ ਵਾਲੇ ਕਿਸੇ ਘਰ ਵਿਚ ਕੋਈ ਹਾਦਸਾ ਵਾਪਰ ਜਾਂਦਾ ਹੈ ਪਹਿਲਾਂ ਤਾਂ ਉਹ ਆਪਣੇ ਵੱਲੋਂ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਜੇ ਪਤਾ ਲੱਗ ਵੀ ਜਾਵੇ ਤਾਂ ਸਾਰੀ ਕਹਾਣੀ ਰਸਮੀ ਪੁੱਛਗਿੱਛ ਨਾਲ ਖ਼ਤਮ ਹੋ ਜਾਂਦੀ ਹੈ। ਇਸ ਮਗਰੋਂ ਕੀ ਹੁੰਦਾ ਹੈ, ਇਸ ਨਾਲ ਕਿਸੇ ਨੂੰ ਕੋਈ ਵਾਸਤਾ ਨਹੀਂ ਰਹਿੰਦਾ। ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਵਿਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਪਿੰਡਾਂ /ਕਸਬਿਆਂ ਨਾਲੋਂ ਵਧੇਰੇ ਹੁੰਦੀ ਹੈ, ਪਰ ਇਹ ਪੜ੍ਹੇ-ਲਿਖੇ ਲੋਕ ਸਮਝਦੇ ਹੀ ਨਹੀਂ ਕਿ ਹੱਥ ਨੂੰ ਹੱਥ ਦਾ ਸਹਾਰਾ ਹੁੰਦਾ ਹੈ।

ਉਹ ਮੰਨ ਕੇ ਕਿ ਕਿਤੇ ਗੁਆਂਢੀ ਉਸ ਦੀ ਅਮੀਰੀ ਨੂੰ ਵੇਖ ਕੇ ਈਰਖਾ ਨਾ ਕਰਨ ਲੱਗ ਪੈਣ ਜਾਂ ਫਿਰ ਉਨ੍ਹਾਂ ਦੀ ਅਮੀਰੀ ਜਾਂ ਪਦ-ਇੱਜ਼ਤ ਦਾ ਕੋਈ ਲਾਭ ਲੈਣ ਨਾ ਆ ਜਾਵੇ, ਕੋਈ ਕੰਮ ਆਦਿ ਨਾ ਦੱਸ ਦੇਵੇ, ਇਸੇ ਕਰਕੇ ਉਹ ਆਪਣੇ-ਆਪ ਨੂੰ ਤੰਗਦਿਲੀ ਦੇ ਦਾਇਰੇ ਵਿੱਚੋਂ ਬਾਹਰ ਨਹੀਂ ਕੱਢਦੇ। ਇਹ ਲੋਕ ਸਿਰਫ਼ ਉਨ੍ਹਾਂ ਲੋਕਾਂ ਨਾਲ ਹੀ ਮਿਲਦੇ-ਵਰਤਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਵਪਾਰਕ ਵਾਹ-ਵਾਸਤਾ ਹੁੰਦਾ ਹੈ। ਗੁਆਂਢੀ ਨਾਲ ਬਹੁਤਾ ਵਰਤਣ ਵਿਚ ਉਹ ਆਪਣੇ ਵਪਾਰ ਦਾ ਨੁਕਸਾਨ ਦੇਖਦੇ ਹਨ ਕਿ ਕਿਤੇ ਉਸ ਦੀ ਵਪਾਰਕ ਸਫਲਤਾ ਦਾ ਰਾਜ਼ ਦੂਸਰਾ ਨਾ ਜਾਣ ਜਾਵੇ। ਜੇ ਗੁਆਂਢੀ ਗ਼ਰੀਬ ਹੋਵੇ ਤਾਂ ਵੀ ਉਸ ਤੋਂ ਦੂਰੀ ਬਣਾ ਕੇ ਰੱਖਦੇ ਹਨ ਕਿ ਕਿਤੇ ਉਹ ਪੈਸੇ ਆਦਿ ਦਾ ਸਵਾਲ ਹੀ ਨਾ ਪਾ ਦੇਵੇ ਜਾਂ ਰਾਤ-ਬਰਾਤੇ ਆਰਥਿਕ ਪਰੇਸ਼ਾਨੀ ਦਾ ਰੋਣਾ ਰੋਣ ਨਾ ਲੱਗ ਪਵੇ।

ਅਜਿਹੇ ਅਮੀਰ ਲੋਕ ਇਕੱਲੇ ਹੀ ਆਪਣੇ-ਆਪ ਵਿਚ ਮਸਤ ਰਹਿੰਦੇ ਹਨ, ਪਰ ਜਿਸ ਅਮੀਰੀ ਦੀ ਸੁਰੱਖਿਆ ਲਈ ਉਹ ਇਕੱਲੇ ਰਹਿਣ ਦੀ ਜੀਵਨ ਸ਼ੈਲੀ ਅਪਣਾਉਂਦੇ ਹਨ, ਚੋਰ-ਲੁਟੇਰਿਆਂ ਵੱਲੋਂ ਅਜਿਹੇ ਘਰਾਂ ਵਿਚ ਹੀ ਘੁਸਪੈਠ ਕੀਤੀ ਜਾਂਦੀ ਹੈ, ਕਿਉਂਕਿ ਉਹ ਵੀ ਜਾਣਦੇ ਹਨ ਕਿ ਜਿਹੜੇ ਸਿਮਟ ਕੇ ਰਹਿੰਦੇ ਹਨ ਉਨ੍ਹਾਂ ਦੀ ਸੁਰੱਖਿਆ ਲਈ ਰੌਲਾ ਪਾਉਣ ਲਈ ਕੋਈ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਅਮੀਰਾਂ ਦੀਆਂ ਕਲੋਨੀਆਂ ਵਿਚ ਚੋਰੀ, ਲੁੱਟਮਾਰ ਅਤੇ ਹਿੰਸਾ ਦੇ ਮਾਮਲੇ ਵਧ ਰਹੇ ਹਨ। ਇੱਥੇ ਗੁਆਂਢੀ ਨੂੰ ਗੁਆਂਢੀ ਦਾ ਪਤਾ ਨਹੀਂ ਕਿ ਉਹ ਕੌਣ ਹੈ?

ਬਸ ਹਰ ਗੁਆਂਢੀ ਕੋਹਲੂ ਦੇ ਬਲਦ ਵਾਂਗੂੰ ਆਪਣੀ ਚਾਰ-ਦੁਆਰੀ ਦੇ ਅੰਦਰ ਹੀ ਚੱਕਰ ਕੱਟਦਾ ਰਹਿੰਦਾ ਹੈ। ਜਿਨ੍ਹਾਂ ਲੋਕਾਂ ਦਾ ਸੁਭਾਅ ਹੰਕਾਰੀ ਜਾਂ ਨਾ-ਮਿਲਵਰਤਣ ਵਾਲਾ ਹੁੰਦਾ ਹੈ, ਉਨ੍ਹਾਂ ਦੇ ਪਰਿਵਾਰਾਂ ਵਿਚ ਅਜਿਹਾ ਕੋਈ ਹਾਦਸਾ ਵਾਪਰ ਜਾਵੇ ਤਾਂ ਗੁਆਂਢੀ ਉਨ੍ਹਾਂ ਦੀ ਮਦਦ ਕਿਉਂ ਕਰੇਗਾ? ਇਸ ਲਈ ਗੁਆਂਢੀ ਭਾਵੇਂ ਅਮੀਰ ਜਾਂ ਗ਼ਰੀਬ ਹੋਵੇ, ਉਸ ਨਾਲ ਮੇਲ-ਮਿਲਾਪ ਜ਼ਰੂਰ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਸਮੇਂ ਗੁਆਂਢੀਆਂ ਦੇ ਘਰ ਜਾ ਕੇ ਬੈਠੇ ਰਹੋ, ਪਰ ਸੁੱਖ-ਦੁੱਖ ਵੇਲੇ ਜਾਂ ਕੋਈ ਕੰਮ ਹੋਣ ’ਤੇ ਗੁਆਂਢੀ ਹੀ ਸਭ ਤੋਂ ਪਹਿਲਾਂ ਪਹੁੰਚ ਸਕਦਾ ਹੈ। ਮਕਾਨ ਜਾਂ ਐਸ਼ੋ-ਆਰਾਮ ਦੀਆਂ ਵਸਤਾਂ ਇਕੱਠੀਆਂ ਕਰਨ ਨਾਲ ਘਰ ਨਹੀਂ ਬਣਦੇ ਅਤੇ ਨਾ ਹੀ ਇਨ੍ਹਾਂ ਨਾਲ ਸੁਰੱਖਿਆ ਦੀ ਕੋਈ ਗਰੰਟੀ ਆਦਿ ਮਿਲ ਜਾਂਦੀ ਹੈ। ਗੁਆਂਢੀਆਂ ਦੇ ਸਹਿਯੋਗ ਅਤੇ ਚੰਗੇ ਮੇਲ-ਮਿਲਾਪ ਦੇ ਪਲੱਸਤਰ ਨਾਲ ਹੀ ਘਰ ਸੁਰੱਖਿਅਤ ਅਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ। •



• ਸੀਮਾ ਆਨੰਦ ਚੋਪੜਾ



# ਵਿਲੀਅਮ ਮੌਰਿਸ ਤੋਂ ਲਾਰਡ ਨਫੀਲਡ ਤਕ ਯਾਦਗਾਰੀ ਫੇਰੀ

ਇੱਥੇ ਸਾਨੂੰ ਪਤਾ ਲੱਗਾ ਕਿ ਸਾਰਾ ਸਾਲ ਨਫੀਲਡ-ਹਾਊਸ ’ਚ ਕੋਈ ਨਾ ਕੋਈ ਲੋਕ ਪਸੰਦੀਦਾ ਸਮਾਗਮ ਚੱਲਦੇ ਰਹਿੰਦੇ ਹਨ। ਜਿਵੇਂ-ਵਿੰਟੇਜ ਕਾਰ-ਰੈਲੀ (ਪੁਰਾਣੀਆਂ ਕਾਰਾਂ ਦੀ ਰੈਲੀ), 1930 ਦਹਾਕੇ ਦਾ ਮੇਲਾ, ਮਹਾਰਾਣੀ ਦਾ ਜਨਮ ਦਿਨ ਸਮਾਗਮ ਆਦਿ। ਕੈਫੇ ਦੇ ਬਾਹਰ ਰੌਣਕ ਵਾਲਾ ਇਕ ਘੇਰਾ ਹੈ ਅਤੇ ਇਕ ਦਿਨਾ ਸੈਰ ਲਈ ਇਹ ਵਧੀਆ ਥਾਂ ਹੈ...

ਇੰਗਲੈਂਡ ’ਚ ਗਰਮੀਆਂ ਦੇ ਮੌਸਮ ਦੀ ਸਮਰ ਬ੍ਰੇਕ ’ਚ ਜਦੋਂ ਮੈਂ ਉੱਥੋਂ ਦੀ ਬਣੀ ਮੌਰਿਸ ਮੋਟਰ ਕਾਰ ਦੇ ਵਿਸ਼ੇ ’ਚ ਲੇਖ ਪੜ੍ਹਿਆ ਤਾਂ ਬਚਪਨ ਦੀਆਂ ਕੁਝ ਯਾਦਾਂ ਉੱਭਰ ਆਈਆਂ। ਮੈਨੂੰ ਯਾਦ ਆ ਗਿਆ ਕਿ ਕਿਸ ਤਰ੍ਹਾਂ ਉਤਸੁਕਤਾ ਅਤੇ ਬੜੀ ਬੈਚੇਨੀ ਨਾਲ ਅਸੀਂ 1930 ਮਾਡਲ ਦੀ ਆਪਣੇ ਵੱਡੇ ਭਰਾ ਦੀ ਮੌਰਿਸ ਏਟੀਕ ਕਾਰ ’ਚ ਘੁੰਮਣ ਦੀ ਉਡੀਕ ਕਰਦੇ ਸੀ। ਉਹ ਦਿਨ ਸਾਡੇ ਲਈ ਵਿਸ਼ੇਸ਼ ਟ੍ਰੀਟ ਦਾ ਹੁੰਦਾ ਸੀ। ਲੇਖ ’ਚ ਮੌਰਿਸ-ਮੋਟਰ ਦੇ ਨਿਰਮਾਤਾ ਲਾਰਡ ਨਫੀਲਡ ਦੇ ਸੁੰਦਰ ਘਰ ਨਫੀਲਡ-ਹਾਊਸ ਦਾ ਵੀ ਜ਼ਿਕਰ ਸੀ ਜੋ ਲੰਡਨ ਦੇ ਨਜ਼ਦੀਕ ਹੈ ਅਤੇ ਸੈਲਾਨੀਆਂ ਦੇ ਲਈ ਖੁੱਲ੍ਹਾ ਹੈ। ਬਸ ਇੱਥੋਂ ਹੀ ਸ਼ੁਰੂ ਹੁੰਦੀ ਹੈ ਮੌਰਿਸ-ਭਵਨ-ਨਫੀਲਡ ਹਾਊਸ, ਆਕਸਫੋਰਡਸ਼ਾਇਰ ਦੀ ਦਿਹਾਤੀ ਯਾਤਰਾ। ਮਨ ’ਚ ਵਿਲੀਅਮ ਮੌਰਿਸ ਨਾਮੀ ਇਕ ਸਧਾਰਨ ਸਾਈਕਲ ਮਕੈਨਿਕ ਦੇ ਮਹਾਨ ਕਾਰ ਨਿਰਮਾਤਾ ਲਾਰਡ-ਨਫੀਲਡ ਬਣਨ ਦੀ ਜੀਵਨ ਯਾਤਰਾ ਜਾਣਨ ਦੀ ਜਿਗਿਆਸਾ ਸੀ। ਲੰਡਨ ਤੋਂ ਇਕ ਘੰਟੇ ਦੀ ਡਰਾਈਵ ਪਿੱਛੋਂ ਅਸੀਂ ਸ਼ੁਰੂਆਤੀ 20 ਵੀਂ ਸਦੀ ਦੇ ਮਿਲੀਅਰ ਲਾਰਡ-ਨਫੀਲਡ ਦੇ ਘਰ ਨਫੀਲਡ-ਹਾਊਸ ਪਹੁੰਚੇ ਜਿਸ ਦਾ ਲੋਕਪ੍ਰਿਅ ਨਾਂ ਮੌਰਿਸ-ਮੈਨਰ ਵੀ ਹੈ ਕਿਉਂਕਿ ਇਹ ਉਸ ਦੇ ਮਾਲਕ ਦੇ ਮੁੱਢਲੇ ਨਾਂ ਅਤੇ ਮੋਟਰ ਕਾਰ ਕੰਪਨੀ ਦੋਹਾਂ ਦੇ ਨਾਂ ਨਾਲ ਜੁੜਿਆ ਹੈ। ਕਾਰ ਪਾਰਕਿੰਗ ਤੋਂ ਅੱਗੇ ਖਿੜੀ ਹੋਈ ਪੀਲੀ ਸਰ੍ਹੋਂ ਦੇ ਫੈਲੇ ਹੋਏ ਖੇਤਾਂ ’ਚੋਂ ਲੰਘ ਕੇ ਅਸੀਂ ਛੇਤੀ ਹੀ ਨਫੀਲਡ-ਹਾਊਸ ਪਹੁੰਚੇ ਜੋ ਨਵੀਂ ਦਿੱਲੀ ਦੇ ਕਈ ਹਿੱਸਿਆਂ ਵਾਂਗ ਲੁਟਿਅਨ ਸ਼ੈਲੀ ’ਚ ਮਹਾਰਾਜਾ ਐਡਵਰਡ ਨੇ 1914 ਵਿਚ ਬਣਾਇਆ ਸੀ। 1933 ’ਚ ਗੌਰਵਮਈ ਭਵਨ ਖ਼ਰੀਦਣ ’ਤੇ ਵਿਲੀਅਮ-ਮੌਰਿਸ ਲਾਰਡ ਨਫੀਲਡ ਬਣੇ। ਵਿਲੀਅਮ-ਮੌਰਿਸ ਧਨਾਢ ਤਾਂ ਸਨ ਹੀ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਪਿਆਰ ਨਾਲ ਬ੍ਰਿਟੇਨ ਦਾ ਮਹਾਨ ਲੋਕ-ਉਪਕਾਰੀ ਵਿਅਕਤੀ ਕਿਹਾ ਜਾਂਦਾ ਸੀ। ਉਨ੍ਹਾਂ ਦੀਆਂ ਅਨੇਕਾਂ ਨਿੱਜੀ ਪ੍ਰਾਪਤੀਆਂ ਕਾਰਨ ਉਨ੍ਹਾਂ ਨੂੰ ਲਾਰਡ-ਨਫੀਲਡ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਕਿਉਂਕਿ ਅਸੀਂ ਜਿਸ ਭਵਨ ਨੂੰ ਦੇਖਣ ਆਏ ਸੀ ਉਹ ਨਫੀਲਡ ਪਿੰਡ ’ਚ ਹੈ। ਘਰ ’ਚ ਵੜਦੇ ਹੀ ਉਸਦੀ ਸਾਦਗੀ ਮਨਮੋਹਕ ਸੀ, ਬਿਲਕੁਲ ਇਕ ਸੁੰਦਰ ਅਰਾਮਦਾਇਕ ਘਰ ਦੇ ਸਮਾਨ। ਜੇ ਲਾਰਡ ਨਫੀਲਡ ਚਾਹੁੰਦੇ ਤਾਂ ਇਸ ਮਹਿਲ ’ਚ ਵੀ ਰਹਿ ਸਕਦੇ ਸਨ। ਨਿਮਰ ਸੁਭਾਅ ਦੇ ਲਾਰਡ ਨਫੀਲਡ ਨੇ ਇਸ ਘਰ ਦੀ ਚੋਣ ਕੀਤੀ ਜਿਸ ਦੀ ਵਿਸ਼ੇਸ਼ਤਾ ਹੈ ਕਾਰ, ਗੈਜੇਟ (ਛੋਟੇ ਉਪਕਰਣ) ਅਤੇ ਕਲਾਸਿਕ (ਚਿੜੀਆਂ) ਦਾ ਅਨੋਖਾ ਪ੍ਰਦਰਸ਼ਨ ਜਿਸ ’ਚ ਹਰੇਕ ਕਮਰੇ ਨੇ ਸਾਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਨਫੀਲਡ ਹਾਊਸ ਦੇ ਲਾਗੇ ਇਕ ਹਲਕੀ, ਮਿੱਠੀ, ਤੰਬਾਕੂ ਦੀ ਬਨਾਵਟੀ ਮਹਿਕ ਸੀ ਜੋ ਵਿਸ਼ੇਸ਼ ਰੂਪ ’ਚ ਕੇਵਲ ਇਸ ਲਈ ਤਿਆਰ ਕੀਤੀ ਗਈ ਸੀ ਕਿਉਂਕਿ ਅਨੇਕ ਅੰਗਰੇਜ਼ੀ ਜੋੜਿਆਂ ਵਾਂਗ ਨਫੀਲਡ ਦੰਪਤੀ ਵੀ ਸੋਮਕਰ ਸਨ।

ਸਾਡੇ ਖੱਬੇ ਪਾਸੇ ਓਕ-ਲੱਕੜੀ ਦੀ ਪੈਨਲਿੰਗ ਵਾਲਾ ਆਕਰਸ਼ਕ ਬਿਲਿਅਰਡ-ਰੂਮ ਸੀ ਅਤੇ ਉੱਥੋਂ ਹੀ ਅਸੀਂ ਨਫੀਲਡ ਭਵਨ ਦੀ ਯਾਤਰਾ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਗਾਈਡ ਨੇ ਲਾਰਡ-ਨਫੀਲਡ ਦੇ ਜੀਵਨ ਦੀ ਸੰਖੇਪ ਕਥਾ ਸੁਣਾਈ ਜੋ ਉਨ੍ਹਾਂ ਦੇ ਸ਼ੁਰੂਆਤੀ ਜੀਵਨ ਤੋਂ ਲੈ ਕੇ ਕਾਰ ਸਮਰਾਟ ਬਣਨ ਤਕ ਦੀ ਰੌਚਕ ਕਹਾਣੀ ਹੈ। 1877 ’ਚ ਪੈਦਾ ਹੋਏ ਵਿਲੀਅਮ ਮੌਰਿਸ ਕਿਸ਼ੋਰ ਅਵਸਥਾ ’ਚ ਆਕਸਫੋਰਡ ਬਾਈਸਾਈਕਲ ਰਿਪੇਅਰ ਦੇ ਨਾਂ ਨਾਲ ਜਾਣੇ ਜਾਂਦੇ ਸਨ। 15 ਸਾਲ ਦੀ ਉਮਰ ’ਚ ਮੌਰਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਦੇ ਮੂਹਰਲੇ ਕਮਰੇ ’ਚ ਆਪਣੀ ਦੁਕਾਨ ਖੋਲ੍ਹੀ ਸੀ ਮਗਰ ਛੇਤੀ ਹੀ ਕੰਮ ਵਧਣ ਨਾਲ ਮੌਰਿਸ ਨੂੰ ‘ਹਾਈਸਟ੍ਰੀਟ’ ’ਤੇ ਜਗ੍ਹਾ ਦਾ ਪ੍ਰਬੰਧ ਕਰਨਾ ਪਿਆ ਜਿੱਥੇ ਉਹ ਮੋਟਰ ਸਾਈਕਲ ਅਤੇ ਕਾਰ ਵੀ ਠੀਕ ਕਰਨ ਲੱਗਾ। ਫਿਰ ਕੁਝ ਸਾਲਾਂ ਬਾਅਦ ਉਨ੍ਹਾਂ ਦੇ ਜੀਵਨ ’ਚ ਇਕ ਮਹੱਤਵਪੂਰਨ ਸਕਾਰਾਤਮਕ ਤਬਦੀਲੀ ਆਈ ਜਦ ਮੌਰਿਸ ਨੇ ‘ਬੁਲਨੌਸ-ਮੌਰਿਸ’ ਨਾਂ ਦੀ ਸਧਾਰਨ ਕਾਰ ਦਾ ਖ਼ੁਦ ਨਿਰਮਾਣ ਕੀਤਾ। ਉਸ ਸਮੇਂ ਅਮਰੀਕਾ ’ਚ ਸ੍ਰੀ ਫੋਰਡ ਨੇ ਪ੍ਰਸਿੱਧ ਫੋਰਡ ਕਾਰ ਦਾ ਨਿਰਮਾਣ ਕੀਤਾ ਸੀ ਅਤੇ ਦੂਜੇ ਪਾਸੇ ਮੌਰਿਸ ਕਾਰ ਉਸਦੇ ਬਰਾਬਰ ਬਣੀ ਜੋ ਬ੍ਰਿਟੇਨ ਦਾ ਅਮਰੀਕਾ ਨੂੰ ਜਵਾਬ ਸੀ।

ਅਖੀਰ ’ਚ ਗਾਈਡ ਨੇ ਸਾਨੂੰ ਕਿਹਾ ਕਿ ਵਿਲੀਅਮ ਮੌਰਿਸ ਆਪਣੀ ਕਾਰ ਆਪ ਡਿਜ਼ਾਈਨ ਕਰਦੇ ਸੀ ਅਤੇ ਮਗਰੋਂ ਡਿਜ਼ਾਈਨ ਨੂੰ ਸੁਧਾਰਦੇ ਸਨ, ਇਸੇ ਕਰਕੇ ਉਨ੍ਹਾਂ ਦੀ ਸਖ਼ਤ ਮਿਹਨਤ ਤੋਂ ਪੈਦਾ ਹੋਈ ਮੋਟਰ ਕਾਰ ਕੰਪਨੀ ਮੌਰਿਸ-ਮੋਟਰਜ਼ ਨੇ ਅੱਜ 100 ਸਾਲ ਪੂਰੇ ਕਰ ਲਏ ਹਨ। ਇਸ ਚਰਚਾ ਤੋਂ ਬਾਅਦ ਅਸੀਂ ਆਪਣੇ ਆਪ ਘਰ ’ਚ ਘੁੰਮ ਕੇ ਦੇਖਣਾ ਚਾਹੁੰਦੇ ਸੀ ਇਸ ਲਈ ਬਿਲੀਅਰਡ-ਰੂਮ ’ਚ ਹੀ ਰੁਕ ਕੇ ਉੱਥੋਂ ਦੇ ਅਨੋਖੇ ਪ੍ਰਦਰਸ਼ਨ ਦੇਖਣ ਲੱਗੇ। ਲਾਰਡ ਨਫੀਲਡ ਨੇ ਵਿਸ਼ਾਲ ਪੋਟ੍ਰੇਟ ਦੇ ਲਾਗੇ ਇਕ ਅਖ਼ਬਾਰ ਪੱਤਰ ਨੂੰ ਫਰੇਮ ਕੀਤਾ ਗਿਆ ਸੀ ਜਿਸ ’ਚ ਲਾਰਡ ਨਫੀਲਡ ਨੂੰ ਅਗਵਾ ਕਰਨ ਦੀ ਖ਼ਬਰ ਸੀ। 1938 ਦੀ ਇਸ ਘਟਨਾ ’ਚ ਲਾਰਡ ਨਫੀਲਡ ਕਿਸਮਤ ਵਾਲੇ ਨਿਕਲੇ ਅਤੇ ਅਗਵਾ ਕਰਨ ਵਾਲੇ ਅਸਫਲ ਰਹੇ। ਖ਼ਬਰ-ਪੇਪਰ ਦੇ ਹੇਠਾਂ ਉਨ੍ਹਾਂ ਦੀ ਮਿੰਨੀ-ਬਾਰ ਸਜੀ ਹੋਈ ਸੀ ਅਤੇ ਧਾਤੂ ਤੇ ਚਮੜੇ ਦਾ ਬਣਿਆ ਅਨੋਖਾ ਕਸਰਤ-ਘੋੜਾ ਸੀ ਜੋ ਆਪ ਲਾਰਡ ਨਫੀਲਡ ਨੇ ਆਪਣੀ ਵਧੀਆ ਸਿਹਤ ਦੇ ਲਈ ਆਪਣੀ ਕਾਰ ਫੈਕਟਰੀ ’ਚ ਬਣਵਾਇਆ ਸੀ।

ਨਫੀਲਡ ਹਾਊਸ ਦੇ ਬਿਲਿਅਰਡ ਰੂਮ ਦੇ ਦੂਜੇ ਪਾਸੇ ਆਕਰਸ਼ਕ ਸੋਫ਼ਾ ਸੈੱਟ ਅਤੇ ਟੇਬਲ ’ਤੇ ਲਾਰਡ ਨਫੀਲਡ ਦੀ ਮਨਪਸੰਦ ਸਤਰੰਜ ਅਤੇ ਸਿਗਾਰ ਕੇਸ ਸਜੇ ਹੋਏ ਸਨ, ਜਿਵੇਂ ਇਹ ਕਮਰਾ ਅੱਜ ਵੀ ਵਰਤਿਆ ਜਾਂਦਾ ਹੋਵੇ। ਫਿਰ ਅਸੀਂ ਆਪਣੇ ਸੱਜੇ ਪਾਸੇ ਬਣੇ ਡਰਾਇੰਗ ਰੂਮ ’ਚ ਗਏ ਜਿਸ ਦੀ ਸਜਾਵਟ ਅਤੇ ਫਰਨਿਸ਼ਿੰਗ 80 ਸਾਲ ਪੁਰਾਣੀ ਸੀ। ਸਿਟਿੰਗ ਰੂਮ ’ਚ ਆਉਣ ਵਾਲੇ ਸੈਲਾਨੀਆਂ ਦਾ ਸਵਾਗਤ ਉਸ ਸੰਗੀਤ ਨਾਲ ਹੁੰਦਾ ਹੈ ਜੋ ਲਾਰਡ ਨਫੀਲਡ ਦੇ ਨਿੱਜੀ ਅਜਾਇਬ ਘਰ ਤੋਂ ਨਕਲ ਕੀਤਾ ਗਿਆ ਹੈ। ਇਹ ਸੰਗੀਤ ਸੰਗ੍ਰਹਿ ਉਨ੍ਹਾਂ ਦੇ ਘਰ ਨਫੀਲਡ ਹਾਊਸ ਦੀ ਸਭ ਤੋਂ ਉਪਰਲੀ ਮੰਜ਼ਿਲ ’ਚ ਸਥਿਤ ‘ਏਟਿਕ’ ਕਮਰੇ ’ਚ ਪਾਇਆ ਗਿਆ ਸੀ। ਇਸ ਦੇ ਨਾਲ ਡਰਾਇੰਗ ਰੂਮ ’ਚ ਸਜਿਆ ਕਲਾਤਮਕ ਰੇਡੀਓ ਉਨ੍ਹਾਂ ਦੇ ਸੰਗੀਤ ਪ੍ਰੇਮੀ ਹੋਣ ਦਾ ਚਿੰਨ੍ਹ ਹੈ। ਹੋਰ ਆਕਰਸ਼ਕ ਪ੍ਰਦਰਸ਼ਨ 1955 ਦੇ ਵਾਲਟਨ (ਅਖਰੋਟ), ਵਿਨੀਅਰ ਵਾਲਾ ਲਗ਼ਜਰੀ ਟੈਲੀਵਿਜ਼ਨ ਜੋ ਵਿਸ਼ਵ ਪ੍ਰਸਿੱਧ ਬ੍ਰਾਂਡ ‘ਹਿਜ਼ ਮਾਸਟਰਜ਼ ਵੋਆਇਸ’ ਦਾ ਹੈ। ਮਹਿੰਗੀ ਜੈਗੁਆਰ ਕਾਰ ਅਤੇ ਮੌਰਿਸ ਕਾਰ ਦੇ ਸੁੰਦਰ ਮਾਡਲ, ਕਾਰ ਮਕੈਨਿਕ ਦੀਆਂ ਅਨੇਕਾਂ ਪੁਸਤਕਾਂ ਤੋਂ ਇਲਾਵਾ ਘਰ ਦੀਆਂ ਹੋਰ ਆਕਰਸ਼ਕ ਵਿਸ਼ੇਸ਼ਤਾਵਾਂ ਹਨ-ਘਰੇਲੂ ਬੋਨ ਚਾਈਨਾ ਦੀਆਂ ਵਸਤੂਆਂ ਅਤੇ ਬਰਤਨ, ਕਾਕਟੇਲ-ਅਲਮਾਰੀ, ਫਰੇਮ ਕੀਤੀਆਂ ਗਈਆਂ ਫੋਟੋਆਂ ਅਤੇ ਚਿੱਠੀਆਂ।

ਅਸੀਂ ਬੜੇ ਆਰਾਮ ਅਤੇ ਉਤਸੁਕਤਾ ਨਾਲ ਘਰ ਦੀਆਂ ਪ੍ਰਦਰਸ਼ਨੀਆਂ ਨੂੰ ਦੇਖਿਆ। ਡਰਾਇੰਗ ਰੂਮ ’ਚ ਟੇਬਲ ’ਤੇ ਕ੍ਰਿਸਟਲ ਦਾ ਮੋਮਬੱਤੀ ਸਟੈਂਡ, ਸੁੰਦਰ ਮੈਟ ਅਤੇ ਨੈਪਕਿਨ, ਮਹਿੰਗੀ ਕਰਾਕਰੀ ਅਤੇ ਚਮਕਦਾਰ ਕਟਲਰੀ ਇਸ ਤਰ੍ਹਾਂ ਸਜੀਆਂ ਸਨ ਜਿਵੇਂ ਅੱਜ ਹੀ ਨਫੀਲਡ ਹਾਊਸ ’ਚ ਡਿਨਰ ’ਤੇ ਮਹਿਮਾਨ ਆਉਣ ਵਾਲੇ ਹੋਣ। ਇਸ ਨੂੰ ਦੇਖ ਮੈਨੂੰ ਲਾਰਡ ਨਫੀਲਡ ਨਾਲ ਸਬੰਧਿਤ ਇਕ ਪੁਰਾਣੀ ਪੜ੍ਹੀ ਘਟਨਾ ਯਾਦ ਆ ਗਈ। 1954 ’ਚ ਨਫੀਲਡ ਹਾਊਸ ’ਚ ਇਥੋਪੀਆ ਦੇਸ਼ ਦੇ ਸਮਰਾਟ ਰਾਤ ਦੇ ਖਾਣੇ ’ਤੇ ਆਏ। ਬੜੀ ਸਾਦਗੀ ਨਾਲ ਉਨ੍ਹਾਂ ਦੀ ਪਤਨੀ ਲੇਡੀ ਨਫੀਲਡ ਨੇ ਆਪ ਖਾਣਾ ਗਰਮ ਕੀਤਾ ਅਤੇ ਪਰੋਸਿਆ ਵੀ। ਆਪਣੀ ਸਹਾਇਤਾ ਲਈ ਉਨ੍ਹਾਂ ਨੇ ਕੋਈ ਵੀ ਨੌਕਰ ਨਹੀਂ ਰੱਖਿਆ ਸੀ। ਸਾਰਾ ਖਾਣਾ ਸਥਾਨਕ ਨਫੀਲਡ ਗੋਲਫ ਕੋਰਸ ਕਲੱਬ ਤੋਂ ਪਹਿਲਾਂ ਹੀ ਆਡਰ ਕਰ ਦਿੱਤਾ ਗਿਆ ਸੀ। ਡਰਾਇੰਗ-ਡਾਈਨਿੰਗ ਕਮਰੇ ਤੋਂ ਬਾਹਰ ਜਾਂਦੇ ਹੋਏ ਇਕ ਪਾਸੇ ਕਿਤਾਬਾਂ ਦੀ ਅਲਮਾਰੀ ਦਿਸੀ ਜਿਸ ’ਚ ਕੁੱਤਿਆਂ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਸਨ ਕਿਉਂਕਿ ਸੰਤਾਨਹੀਣ ਨਫੀਲਡ ਜੋੜੇ ਨੂੰ ਕੁੱਤਿਆਂ ਨਾਲ ਬੇਹੱਦ ਲਗਾਓ ਸੀ। ਦੋ ਹੋਰ ਵਧੀਆ ਟਾਈਟਲ ਵਾਲੀਆਂ ਪੁਸਤਕਾਂ ਸਨ-ਬੁੱਕ ਆਫ਼ ਹਾਊਸਹੋਲਡ ਮੈਨੇਜਮੈਂਟ (ਘਰੇਲੂ ਸੰਚਾਲਨ) ਅਤੇ ਬੁੱਕ ਆਨ ਏਟੀਕੇਟ (ਸ਼ਿਸ਼ਟਾਚਾਰ ਦੇ ਨਿਯਮ)।

ਇਸ ਤੋਂ ਬਾਅਦ ਅਸੀਂ ਲੱਕੜੀ ਦੇ ਸੁੰਦਰ ਸਟੇਅਰ ਕੇਸ ਨਾਲ ਨਫੀਲਡ ਹਾਊਸ ਦੇ ਉੱਪਰ ਦੇ ਚਾਰ ਬੈੱਡਰੂਮ ਦੇਖਣ ਗਏ। ਪੌੜੀਆਂ ਦੀ ਚੜ੍ਹਾਈ ’ਤੇ ਰੌਚਕ ਡਿਸਪਲੇ ਧਿਆਨ ਖਿੱਚਦੇ ਹਨ। ਇਕ ਫਰੇਮ ’ਚ ਮੌਰਿਸ-ਮੋਟਰ ਮੈਗ਼ਜ਼ੀਨ ਦੇ ਅਨੇਕ ਤਰੀਕਾਂ ਵਾਲੇ ਕਵਰ ਫਰੇਮ ਸਨ ਅਤੇ ਦੂਸਰੇ ਫਰੇਮ ’ਚ ਮੌਰਿਸ ਕਾਰ ਵਪਾਰ ਦੀ ਸਮੁੱਚੀ ਰੌਚਕ ਕਹਾਣੀ ਸੀ ਜੋ 1937 ਤਕ ਯੂਰਪ ਦਾ ਸਭ ਤੋਂ ਵੱਡਾ ਕਾਰ ਇੰਪਾਇਰ ਬਣ ਗਿਆ ਸੀ। ਉੱਪਰਲੀ ਮੰਜ਼ਿਲ ’ਤੇ ਅਸੀਂ ਸਭ ਤੋਂ ਪਹਿਲਾਂ ਲਾਰਡ ਨਫੀਲਡ ਦੇ ਸੌਣ ਵਾਲੇ ਕਮਰੇ ’ਚ ਗਏ ਜੋ ਇਕਦਮ ਉਸੇ ਤਰ੍ਹਾਂ ਦਾ ਸੀ ਜਿਵੇਂ ਉਨ੍ਹਾਂ ਦੇ ਜੀਵਨ ਕਾਲ ਵਿਚ ਰਿਹਾ ਹੋਣਾ। ਫਿਰ ਉਹੀ ਵਿਚਾਰ ਮਨ ’ਚ ਆਇਆ ਕਿ ਇਵੇਂ ਲਗਦਾ ਹੈ ਜਿਵੇਂ ਇਸ ਨੂੰ ਅੱਜ ਹੀ ਵਰਤਿਆ ਗਿਆ ਹੋਵੇ। ਹਾਲਾਂਕਿ ਪੀਲੇ ਰੰਗ ਦੇ ਬੈੱਡਰੂਮ ’ਚ ਬਹੁਤ ਸਮਾਨ ਸੀ-ਬਹੁਤ ਸਾਰੀਆਂ ਫੋਟੋਆਂ ਜਿਨ੍ਹਾਂ ’ਚ ਮੁੱਖ ਸੀ ਬ੍ਰਿਟੇਨ ਦੀ ਮਹਾਰਾਣੀ ਦੁਆਰਾ ਦਸਤਖ਼ਤ ਕੀਤੀ ਫੋਟੋ ਅਤੇ ਅੰਗਰੇਜ਼ੀ ਸ਼ਬਦ ‘ਐੱਨ’ ਵਾਲਾ ਕੰਬਲ। ਅਸੀਂ ਪੜ੍ਹਿਆ ਸੀ ਕਿ ਇਸ ਕਮਰੇ ਦੀ ਹਾਈਲਾਈਟ ਇਸ ਦਾ ਵਾਰਡਰੋਬ ਹੈ, ਸੋ ਲਾਰਡ ਨਫੀਲਡ ਦੀਆਂ ਕਮੀਜ਼ਾਂ, ਪੈਂਟਾਂ, ਟਾਈ ਆਦਿ ਦਾ ਸੰਗ੍ਰਹਿ ਦੇਖਣ ਲਈ ਅਸੀਂ ਕੱਪੜਿਆਂ ਦੀ ਅਲਮਾਰੀ ਖੋਲ੍ਹੀ। ਉਦੋਂ ਸਾਡੀ ਹੈਰਾਨੀ ਦੀ ਹੱਦ ਨਾ ਰਹੀਂ ਜਦ ਅਲਮਾਰੀ ਦੇ ਨਜ਼ਦੀਕ ਇਕ ਵਿਸ਼ਾਲ ਵਰਕ-ਬੈਂਚ ਦੇਖਿਆ। ਉਸ ’ਚ ਤਰ੍ਹਾਂ-ਤਰ੍ਹਾਂ ਦੇ ਟੂਲ (ਯੰਤਰ) ਸਨ ਅਤੇ ਇਹ ਮਿੰਨੀ ਵਰਕਸ਼ਾਪ ਕਹਿਲਉਂਦਾ ਸੀ। ਉੱਥੇ ਵਿਲਿਅਮ ਮੌਰਿਸ ਲਾਰਡ ਨਫੀਲਡ ਸਾਰੀ ਰਾਤ ਬੈਠ ਕੇ ਨਵੀਆਂ ਖੋਜਾਂ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਇਨਸੋਮੀਆ (ਨੀਂਦ ਨਾ ਆਉਣ ਦੀ ਬਿਮਾਰੀ) ਸੀ।

ਲਾਰਡ ਨਫੀਲਡ ਦੇ ਬੈੱਡਰੂਮ ਦਾ ਕਾਲੀਨ ਅਨੋਖਾ ਸੀ। ਉਹ ਇਸ ਤਰ੍ਹਾਂ ਦੇ ਕਈ ਛੋਟੇ ਕਾਲੀਨਾਂ ਨੂੰ ਜੋੜ ਕੇ ਬਣਾਇਆ ਗਿਆ ਸੀ ਜੋ ਅਸਲ ਵਿਚ ਮੌਰਿਸ ਕਾਰ ਦੇ ਅੰਦਰ ਸਜਾਵਟ ਲਈ ਬਣਾਏ ਜਾਂਦੇ ਸਨ। ਬੈੱਡ ਦੇ ਨਾਲ ਹੀ ਜੋ ਰੀਡਿੰਗ ਲਾਈਟ ਸੀ, ਉਹ ਵੀ ਉਨ੍ਹਾਂ ਨੇ ਆਪ ਹੀ ਲੈਂਪਸ਼ੇਡ ਦੇ ਤਾਰਿਆਂ ਨੂੰ ਜੋੜ



ਕੇ ਬਣਾਈ ਸੀ। ਕਮਰੇ ਦੇ ਸਾਈਡ ਰੂਮ ’ਚ ਜਾਂਦੇ ਦਰਵਾਜ਼ੇ ਦੇ ਪਿੱਛੇ ਉਨ੍ਹਾਂ ਦਾ ਡਰੈਸਿੰਗ ਰੂਮ ਸੀ ਜਿੱਥੇ ਕਈ ਤਰ੍ਹਾਂ ਦੇ ਕੱਪੜੇ ਸਨ, ਜੋ ਭਿੰਨ-ਭਿੰਨ ਸਮਾਗਮਾਂ ਅਨੁਸਾਰ ਪਹਿਨਣੇ ਹੁੰਦੇ ਸਨ। ਫਿਰ ਵੀ ਲਾਰਡ ਨਫੀਲਡ ਉਹਨੂੰ ਦੇਖ ਕੇ ਹੱਸ ਦਿੰਦੇ ਅਤੇ ਉਨ੍ਹਾਂ ਦਾ ਪਸੰਦੀਦਾ ਮਜ਼ਾਕ ਸੀ ‘ਤੁਸੀਂ ਇਕ ਸਮੇਂ ਇਕ ਹੀ ਸੂਟ ਪਹਿਨ ਸਕਦੇ ਹੋ ਚਾਹੇ ਤੁਹਾਡੇ ਕੋਲ ਕਿੰਨੇ ਵੀ ਕੱਪੜੇ ਕਿਉਂ ਨਾ ਹੋਣ’।

ਲਾਰਡ ਨਫੀਲਡ-ਮੌਰਿਸ ਦਾ ਵਿਲੱਖਣ ਗੁਣ ਇਹ ਸੀ ਕਿ ਉਹ ਮਹਾਨ ਦਾਨੀ ਸਨ ਅਤੇ ਹਰੇਕ ਸਾਲ ਵੱਖ-ਵੱਖ ਸੰਸਥਾਵਾਂ ’ਚ ਹਜ਼ਾਰਾਂ ਪਾਊਂਡ ਦਾ ਦਾਨ ਦਿੰਦੇ ਸਨ। ਇਸ ਨਾਲ ਜੁੜੀ ਇਕ ਰੌਚਕ ਕਹਾਣੀ ਮੈਂ ਪੜ੍ਹੀ ਸੀ-ਉਨ੍ਹਾਂ ਨੇ 10,000 ਪਾਊਂਡ ਦੇ ਕੇ ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ’ਚ ਸਪੇਨਿਸ਼ ਭਾਸ਼ਾ ਸਿਖਾਉਣ ਵਾਲਾ ਕੋਰਸ ਸ਼ੁਰੂ ਕਰਵਾਇਆ ਸੀ ਜੋ ਕਿ ਇਕ ਵੱਡੀ ਯੋਜਨਾ ਦਾ ਹਿੱਸਾ ਸਾਬਤ ਹੋਇਆ। ਅਮਰੀਕਾ ਦੀ ਪ੍ਰਸਿੱਧ ਫੋਰਡ ਕਾਰ ਦੇ ਨਿਰਮਾਤਾ ਨੇ ਜਲਦੀ ਹੀ ਸਾਊਥ-ਅਮਰੀਕਾ ’ਚ ਆਪਣਾ ਕਾਰ ਸਾਮਰਾਜ ਸਥਾਪਤ ਕਰ ਲਿਆ। ਉੱਥੇ ਜ਼ਿਆਦਾਤਰ ਸਪੇਨਿਸ਼ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਸੀ ਕਿਉਂਕਿ ਬਹੁਤੇ ਸਾਊਥ-ਅਮਰੀਕਾ ਦੇ ਦੇਸ਼ ਸਪੇਨ ਦੇਸ਼ ਦੀਆਂ ਬਸਤੀਆਂ ਸਨ। ਉਧਰ, ਲਾਰਡ-ਨਫੀਲਡ ਦੀ ਮੌਰਿਸ-ਮੋਟਰ ਕਾਰ ਉਸ ਨਾਲ, ਸੰਸਾਰ ਦੇ ਉਸ ਭਾਗ ’ਚ ਡਟਕ ਮੁਕਾਬਲਾ ਨਹੀਂ ਕਰ ਸਕਦੀ ਸੀ ਕਿਉਂਕਿ ਉਨ੍ਹਾਂ ਨੂੰ ਸਪੇਨਿਸ਼ ਭਾਸ਼ਾ ਬੋਲਣ ਜਾਂ ਜਾਣਨ ਵਾਲੇ ਕਰਮਚਾਰੀ ਨਹੀਂ ਮਿਲਦੇ ਸਨ। ਜਿਸ ਕਰਕੇ ਲਾਰਡ ਨੇ ਸੋਚਿਆ ਕਿਉਂ ਨਾ ਆਪਣਾ ਸਪੇਨਿਸ਼ ਸਕੂਲ, ਆਕਸਫੋਰਡ ਯੂਨੀਵਰਸਿਟੀ ਦੇ ਅੰਦਰ ਬਣਾ ਦਿੱਤਾਂ ਜਾਵੇ ਤਾਂ ਕਿ ਇਹ ਮੁਸ਼ਕਲ ਦੂਰ ਹੋ ਸਕੇ।

ਲਾਰਡ-ਨਫੀਲਡ ਦੇ ਬੈੱਡਰੂਮ ਤੋਂ ਇਕ ਦਰਵਾਜ਼ਾ ਲੇਡੀ ਨਫੀਲਡ ਦੇ ਬੈੱਡਰੂਮ ’ਚ ਵੀ ਜਾਂਦਾ ਸੀ ਜਿੱਥੇ ਬਹੁਤ ਪੁਸਤਕਾਂ ਦੇ ਨਾਲ-ਨਾਲ ਉਨ੍ਹਾਂ ਦੀ ਸੁੰਦਰ ਨੀਡਲ-ਵਰਕ (ਸਿਲਾਈ-ਕਢਾਈ ਦੀ ਮਸ਼ੀਨ) ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ, ਜੋ ਉਨ੍ਹਾਂ ਨੂੰ ਪਿਆਰੀ ਸੀ। ਬਹੁਤ ਸਾਲ ਪਹਿਲਾਂ, ਉਹ ਆਪਣੇ ਪਤੀ ਵਿਲੀਅਮ ਮੌਰਿਸ ਨੂੰ ਸਾਈਕਲਿੰਗ ਕਰਦੇ ਸਮੇਂ ਪਹਿਲੀ ਵਾਰ ਮਿਲੀ ਸੀ। ਇਹ ਆਮ ਸਾਈਕਲ ਚਲਾਉਣ ਦਾ ਸ਼ੌਕ ਹੀ ਮਗਰੋਂ ਉਨ੍ਹਾਂ ਦੇ ਵਿਆਹ ਦਾ ਸਬੱਬ ਬਣਿਆ। ਪੈਰਾਂ ਨਾਲ ਚੱਲਣ ਵਾਲੀ ਸਿਲਾਈ ਮਸ਼ੀਨ ਦੇਖ ਕੇ ਮੈਨੂੰ ਬਚਪਨ ’ਚ ਦੇਖੀ ਆਪਣੀ ਮਾਂ ਦੀ ਯਾਦ ਆ ਗਈ। ਲੇਡੀ-ਨਫੀਲਡ ਦੇ ਰੰਗੀਨ ਧਾਗੇ ਅਤੇ ਫੈਸ਼ਨੇਬਲ ਕੱਪੜਿਆਂ ਦੀ ਮੈਗ਼ਜ਼ੀਨਜ਼ ਦੇਖ ਕੇ ਇਹ ਸਮਝਣਾ ਸੌਖਾ ਸੀ ਕਿ ਇਹ ਵੀ ਉਨ੍ਹਾਂ ਦਾ ਸ਼ੌਕ ਰਿਹਾ ਹੋਵੇਗਾ।

ਨਫੀਲਡ-ਹਾਊਸ ਦੀਆਂ ਦੀਵਾਰਾਂ ’ਤੇ ਫਰੇਮ ’ਚ ਲੱਗਾ, ਇਕ ਹੋਰ ਕਿੱਸਾ ਪਾਠਕਾਂ ਦੇ ਨਾਲ ਸਾਂਝਾ ਕਰਨ ਯੋਗ ਹੈ-ਮੌਰਿਸ ਕਾਰ ਬਣਨ ਦੇ ਬਾਅਦ ਵੀ, 20ਵੀਂ ਸਦੀ ਦੇ ਸ਼ੁਰੂ ’ਚ, ਲਾਰਡ-ਨਫੀਲਡ ਸਥਾਨਕ ਕੌਂਸਲ (ਨਗਰਪਾਲਿਕਾ) ਨੂੰ ਮਨਾਉਣ ’ਚ ਅਸਮਰਥ ਰਹੇ ਸਨ ਕਿ ਘੋੜਾ-ਗੱਡੀ ਦੀ ਥਾਂ ਮੋਟਰ ਵਾਲੀਆਂ ਬੱਸਾਂ ਆਦਿ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਵਾਰ-ਵਾਰ ਅਸਫਲ ਹੋਣ ’ਤੇ, ਲਾਰਡ-ਨਫੀਲਡ ਨੇ ਬਹੁਤ ਸਾਰੀਆਂ ਬੱਸਾਂ ਕਿਰਾਏ ’ਤੇ ਲਈਆ ਅਤੇ ਪਬਲਿਕ ਨੂੰ ਵਰਤੋਂ ਲਈ ਦਿੱਤੀਆਂ। ਜਿਸ ਦੇ ਨਤੀਜੇ ਵਜੋਂ ਸਾਰੇ ਪਾਸੇ ਪਰਿਵਰਤਨ ਆਇਆ ਕਿਉਂਕਿ ਲੋਕਾਂ ਨੇ ਬੱਸਾਂ ਨੂੰ ਘੋੜਾ-ਗੱਡੀ ਤੋਂ ਵਧੇਰੇ ਤੇਜ਼ ਦੇਖਿਆ। ਅੰਤ ’ਚ ਨਗਰਪਾਲਿਕਾ ਨੂੰ ਉਨ੍ਹਾਂ ਦੀ ਗੱਲ ਮੰਨਣੀ ਪਈ।

ਦੂਸਰਾ ਲੋਕ ਪਸੰਦ ਕਾਰਜ ਜੋ ਉਨ੍ਹਾਂ ਨੇ ਕੀਤਾ, ਉਹ ਇਹ ਸੀ ਕਿ ਸਥਾਨਕ ਕਲੱਬ ਨੂੰ ਆਪ ਖ਼ਰੀਦ ਲਿਆ, ਤਾਂ ਕਿ ਮਰਦਾਂ ਦੇ ਨਾਲ ਔਰਤਾਂ ਵੀ ਕਲੱਬ ’ਚ ਆ ਸਕਣ। 1963 ’ਚ, ਉਹ ਸੰਤਾਨਹੀਣ, ਇਸ ਸੰਸਾਰ ਤੋਂ ਚਲੇ ਗਏ ਤਾਂ ਆਪਣੀ ਸਾਰੀ ਐਸਟੇਟ ਨਫੀਲਡ ਕਾਲਜ ਨੂੰ ਸੌਂਪ ਗਏ, ਜਿਸ ਕਰਕੇ ਕਾਲਜ ਨੇ ਉਸ ਨੂੰ ਹੌਲੀ-ਹੌਲੀ ਵੇਚ ਦਿੱਤਾ ਪਰ ਹੁਣ ਯੂਕੇ ਦੀ ਨੈਸ਼ਨਲ ਟਰੱਸਟ ਨੇ ਉਸ ਨੂੰ ਲੈ ਲਿਆ ਹੈ ਤੇ ਉਸਦੀ ਦੇਖਭਾਲ ਕਰਦੀ ਹੈ। ਅਸੀਂ ਇਕ ਮਸ਼ਹੂਰ ਦੁਕਾਨ ’ਚ ਗਏ ਜਿੱਥੇ ਘਰ ਤੇ ਆਸਪਾਸ ਦੀ ਕੁਦਰਤੀ ਸੁੰਦਰਤਾ ਵਾਲੀ ਪੇਂਟਿੰਗਜ਼ ਤੋਂ ਲੈ ਕੇ ਲਾਰਡ ਨਫੀਲਡ ਹਾਊਸ ਨਾਲ ਸਬੰਧਤ ਫ਼ਰੀਜ਼-ਮੈਗਨੇਟ ਵੀ ਸੀ। ਬਾਹਰ ਆ ਅਸੀਂ 1950 ਦੀ ਏਟਿੰਗ-ਸ਼ੈਲੀ ਦੇ ਇੰਟੀਰੀਅਰ ’ਚ ਬਣੇ ਕੈਫੇ ਤੇ ਅੰਗਰੇਜ਼ੀ ਚਾਹ ਦਾ ਆਨੰਦ ਲਿਆ। •

# ਅਮਨ ਅਰੋੜਾ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਉਮਰ ਦੇ ਆਧਾਰ 'ਤੇ ਸੋਸ਼ਲ ਮੀਡੀਆ ਦੀ ਵਰਤੋਂ ਸਬੰਧੀ ਨਿਯਮ ਬਣਾਉਣ ਦੀ ਵਕਾਲਤ

**➢ ਪੰਜਾਬ ਨਾਬਾਲਗਾਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ ਸਬੰਧੀ ਨਿਯਮ ਬਣਾਉਣ ਦਾ ਮਾਮਲਾ ਕੇਂਦਰ ਸਰਕਾਰ ਕੋਲ ਚੁੱਕੇਗਾ: ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨਾਲੋਜੀ ਮੰਤਰੀ ➢ ਮੁਕੰਮਲ ਪਾਬੰਦੀ ਦੀ ਬਜਾਏ, ਉਮਰ-ਅਧਾਰਤ ਕੰਟੈਂਟ ਫਿਲਟਰ ਸ਼ਾਮਲ ਕਰਨ ਅਤੇ ਮਾਪਿਆਂ ਦੀ ਜਾਗਰੂਕਤਾ ਦੀ ਲੋੜ: ਅਮਨ ਅਰੋੜਾ**

**ਚੰਡੀਗੜ੍ਹ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਜੀਟਲ ਦੁਨੀਆਂ ਵਿੱਚ ਬੱਚਿਆਂ ਦੀ ਲੋੜ ਤੋਂ ਵੱਧ ਦਿਲਚਸਪੀ ਸਬੰਧੀ ਆਲਮੀ ਫ਼ਿਕਰਾਂ ਦਰਮਿਆਨ ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨਾਬਾਲਗਾਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ ਸਬੰਧੀ ਨਿਯਮ ਬਣਾਉਣ ਵਾਸਤੇ ਮਾਮਲਾ ਕੇਂਦਰ ਸਰਕਾਰ ਕੋਲ ਚੁੱਕੇਗੀ। ਇਸ ਤੋਂ ਇਲਾਵਾ ਸੂਬਾ ਸਰਕਾਰ ਬੱਚਿਆਂ ਦੇ ਹਿੱਤਾਂ ਦੀ ਰਾਖੀ ਲਈ ਆਲਮੀ ਪੱਧਰ 'ਤੇ ਪ੍ਰਚਲਿਤ ਚੰਗੀਆਂ ਰੀਤਾਂ ਦਾ ਵੀ ਮੁਲਾਂਕਣ ਕਰੇਗੀ।

ਪੰਜਾਬ ਵਿਧਾਨ ਸਭਾ ਵਿੱਚ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਡਿਜੀਟਲ ਸਮੱਗਰੀ ਦੀ ਵਰਤੋਂ ਉਮਰ-ਅਧਾਰਤ ਹੋਣੀ ਚਾਹੀਦੀ ਹੈ। ਸਾਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਕਿਹੜੀ ਸਮੱਗਰੀ 8 ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਲਈ ਢੁਕਵੀਂ ਹੈ, 13 ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਲਈ ਕਿਹੜੀ ਅਤੇ 18 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ ਲਈ ਕਿਹੜੀ ਸਮੱਗਰੀ ਢੁਕਵੀਂ ਹੈ। ਉਨ੍ਹਾਂ ਕਿਹਾ ਕਿ ਮੁਕੰਮਲ ਪਾਬੰਦੀ ਲਾਉਣਾ ਅਕਸਰ ਪਾਬੰਦੀਸ਼ੁਦਾ ਚੀਜ਼ ਵਿੱਚ ਬੱਚਿਆਂ ਦੀ ਮਨੋਵਿਗਿਆਨਕ ਦਿਲਚਸਪੀ ਨੂੰ ਹੋਰ ਵਧਾਉਂਦਾ ਹੈ ਅਤੇ ਅਜਿਹੀਆਂ ਪਾਬੰਦੀਆਂ ਅਕਸਰ ਨੌਜਵਾਨ ਉਪਭੋਗਤਾਵਾਂ ਨੂੰ ਇੰਟਰਨੈੱਟ ਦੀ ਕਾਲੀ ਦੁਨੀਆ ਅਤੇ ਗਲਤ ਪਾਸੇ ਲੈ ਜਾਂਦੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਬੱਚਿਆਂ ਦੀ ਸੁਰੱਖਿਆ ਅਤੇ ਇਹ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਡਿਜੀਟਲ ਯੁੱਗ ਇੱਕ ਗਲਤ ਆਦਤ ਬਣਨ ਦੀ ਥਾਂ ਸਿਰਫ਼ ਮੌਕਿਆਂ ਦੇ ਦੌਰ ਤੱਕ ਹੀ ਸੀਮਤ ਰਹੇ।

ਮੋਬਾਈਲ ਫੋਨ ਦੀ ਵਧਦੀ ਆਦਤ ਅਤੇ ਬੱਚਿਆਂ ਦੇ ਨੁਕਸਾਨਦੇਹ ਔਨਲਾਈਨ ਸਮੱਗਰੀ ਦੇ ਸੰਪਰਕ 'ਚ ਆਉਣ ਦੀ ਸਮੱਸਿਆ ਦੇ ਟਾਕਰੇ ਲਈ ਸੂਬਾ ਸਰਕਾਰ ਦੀ ਵਿਆਪਕ ÷ਡਿਜੀਟਲ ਸੇਫਟੀ ਨੈੱਟ÷ ਰਣਨੀਤੀ ਦੀ ਰੂਪਰੇਖਾ ਬਾਰੇ ਦੱਸਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਸ ਸਮੱਸਿਆ ਦੇ ਟਾਕਰੇ ਲਈ ਸਰਕਾਰ, ਸਕੂਲਾਂ ਅਤੇ ਸਭ ਤੋਂ ਮਹੱਤਵਪੂਰਨ ਮਾਪਿਆਂ ਦੀ ਸ਼ਮੂਲੀਅਤ ਵਾਲੇ ਸਮੂਹਿਕ ਮੋਰਚੇ ਦੀ ਲੋੜ ਹੈ।



ਉਨ੍ਹਾਂ ਕਿਹਾ ਕਿ ਇਹ ਚਿੰਤਾ ਪੰਜਾਬ ਜਾਂ ਸਿਰਫ਼ ਭਾਰਤ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਇੱਕ ਆਲਮੀ ਚੁਣੌਤੀ ਵਜੋਂ ਉੱਭਰੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਆਸਟ੍ਰੇਲੀਆ ਨੇ ਹਾਲ ਹੀ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀ ਲਾਉਣ ਵਾਲਾ ਕਾਨੂੰਨ ਬਣਾਇਆ ਹੈ ਅਤੇ ਕਰਨਾਟਕ ਨੇ ਵੀ ਇਸੇ ਤਰ੍ਹਾਂ ਦੀ ਹੀ ਪਾਬੰਦੀ ਦਾ ਪ੍ਰਸਤਾਵ ਰੱਖਿਆ ਹੈ। ਇਸਦੇ ਨਾਲ ਹੀ ਆਂਧਰਾ ਪ੍ਰਦੇਸ਼ ਵੀ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਡਿਜੀਟਲ ਸਮੱਗਰੀ ਦੀ ਪਹੁੰਚ ਨੂੰ ਸੀਮਤ ਕਰਨ 'ਤੇ ਵਿਚਾਰ ਕਰ ਰਿਹਾ ਹੈ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਚੁਣੌਤੀ ਨਾਲ ਸਰਗਰਮੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਨੇ ਵੀ ਕਈ ਪਹਿਲਕਦਮੀਆਂ ਕੀਤੀਆ ਹਨ। ਸੂਬਾ ਸਰਕਾਰ ਨੇ ਸਾਈਬਰ ਜਾਗੋ ਮੁਹਿੰਮ ਸ਼ੁਰੂ ਕੀਤੀ ਹੈ, ਜੋ ਕਿ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਅਤੇ ਆਈਟੀ ਵਿਭਾਗ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ। ਇਸ ਪ੍ਰੋਗਰਾਮ ਤਹਿਤ 3,968 ਸਰਕਾਰੀ ਹਾਈ ਸਕੂਲਾਂ ਦੇ ਅਧਿਆਪਕਾਂ ਨੂੰ ÷ਡਿਜੀਟਲ ਸਲਾਹਕਾਰ÷ ਵਜੋਂ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਔਨਲਾਈਨ ਖਤਰਿਆਂ ਦੀ ਪਛਾਣ ਕਰਨ ਅਤੇ ਸਕ੍ਰੀਨ 'ਤੇ ਲਾਉਣ ਵਾਲੇ ਸੁਚੱਜੇ ਸਮੇਂ ਬਾਰੇ ਸਿੱਖਿਅਤ ਕੀਤਾ ਜਾ ਸਕੇ।

ਸਾਈਬਰ ਸ਼ਿਕਾਇਤਾਂ 'ਤੇ ਤੇਜ਼ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਨੇ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ (1930) ਨੂੰ ਰਾਜ ਦੇ ਡਾਇਲ-112 ਐਮਰਜੈਂਸੀ ਰਿਸਪਾਂਸ ਸਿਸਟਮ ਨਾਲ ਜੋੜਿਆ ਹੈ। ਨਾਗਰਿਕ ਹੁਣ ਸਿੰਗਲ ਐਮਰਜੈਂਸੀ ਨੰਬਰ ਰਾਹੀਂ ਔਨਲਾਈਨ ਧੋਖਾਧੜੀ, ਸਾਈਬਰ ਧੱਕੇਸ਼ਾਹੀ ਜਾਂ ਸਾਈਬਰ ਅਪਰਾਧ ਦੀਆਂ ਘਟਨਾਵਾਂ ਦੀ ਰਿਪੋਰਟ ਕਰ ਸਕਦੇ ਹਨ। ਇਸਦੇ ਨਾਲ ਹੀ ਸਰਕਾਰ ਨੇ ਪ੍ਰੋਜੈਕਟ ਜੀਵਨ ਜੋਤ 2.0 ਵੀ ਸ਼ੁਰੂ ਕੀਤਾ ਹੈ, ਜਿਸ ਵਿੱਚ ਵਿਸ਼ੇਸ਼ ਕਰਕੇ ਬੱਚਿਆਂ ਦੇ ਔਨਲਾਈਨ ਸ਼ੋਸ਼ਣ ਦੀ ਸਮੱਸਿਆ ਦੇ ਹੱਲ ਲਈ ਜ਼ਿਲ੍ਹਾ ਪੱਧਰੀ ਟਾਸਕ ਫੋਰਸਾਂ ਦਾ ਗਠਨ ਕੀਤਾ ਗਿਆ ਹੈ।

ਡਿਜੀਟਲ ਨਿੱਜੀ ਡੇਟਾ ਸੁਰੱਖਿਆ ਐਕਟ, 2023 ਦਾ ਹਵਾਲਾ ਦਿੰਦੇ ਹੋਏ, ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਰਾਜ ਨਾਬਾਲਗਾਂ ਦੇ ਡੇਟਾ ਦੀ ਪ੍ਰਕਿਰਿਆ ਲਈ ਆਪਣੇ ÷ਪ੍ਰਮਾਤਮਾ ਦੀ ਪੁਸ਼ਟੀਯੋਗ ਸਹਿਮਤੀ÷ ਆਦੇਸ਼ ਨੂੰ ਲਾਗੂ ਕਰਨ ਲਈ ਕੇਂਦਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਰਾਜ ਇਨ੍ਹਾਂ ਉਮਰ-ਸੀਮਾ ਅਤੇ ਸੁਰੱਖਿਆ-ਦੁਆਰਾ-ਡਿਜ਼ਾਈਨ ਸਿਧਾਂਤਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਵਚਨਬੱਧ ਹੈ। ਸਕੂਲਾਂ ਨੂੰ ਸਕ੍ਰੀਨ ਦੀ ਲਤ ਅਤੇ ਮਾਨਸਿਕ ਸਿਹਤ ਨੂੰ ਸੰਬੋਧਿਤ ਕਰਨ ਵਾਲੇ ਕਾਉਂਸਲਿੰਗ ਸੈਸ਼ਨ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨਡੋਰ ਡਿਜੀਟਲ ਅਡਿਕਸ਼ਨ ਦੇ ਟਾਕਰੇ ਲਈ ਇੱਕ ਮਹੱਤਵਪੂਰਨ ਕਦਮ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿੰਡ ਪੱਧਰ 'ਤੇ 3,100 ਅਤਿ-ਆਧੁਨਿਕ ਸਟੇਡੀਅਮ ਬਣਾਏ ਹਨ ਅਤੇ 6,000 ਹੋਰ ਬਣਾਉਣ ਦੀ ਯੋਜਨਾ ਹੈ। ਇਸਦੇ ਨਾਲ 1,000 ਇਨਡੋਰ ਜਿੰਮਾਂ ਦੀ ਉਸਾਰੀ ਚੱਲ ਰਹੀ ਹੈ ਅਤੇ 5,000 ਹੋਰ ਬਣਾਉਣ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਜੇ ਬੱਚੇ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੁੰਦੇ ਤਾਂ ਉਹ ਸਕ੍ਰੀਨਾਂ ਨਾਲ ਚਿਪਕੇ ਰਹਿਣ ਦੇ ਆਦੀ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਨੌਜਵਾਨਾਂ ਦੀ ਊਰਜਾ ਨੂੰ ਸਕ੍ਰੀਨ ਤੋਂ ਹਟਾ ਕੇ ਸਿਹਤਮੰਦ ਬਦਲ ਭਾਵ ਖੇਡਾਂ ਵੱਲ ਲਾਉਣਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਨਾਬਾਲਗਾਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਕਾਨੂੰਨੀ ਪਾਬੰਦੀਆਂ ਨੂੰ ਭਾਰਤ ਸਰਕਾਰ ਦੁਆਰਾ ਸੂਚਨਾ ਤਕਨਾਲੋਜੀ ਐਕਟ, 2000 ਤਹਿਤ ਬਣਾਏ ਗਏ ਨਿਯਮਾਂ ਰਾਹੀਂ ਲਾਗੂ ਕੀਤਾ ਜਾ ਸਕਦਾ ਹੈ। ਇਸਦੇ ਨਾਲ ਹੀ ਸੋਸ਼ਲ ਮੀਡੀਆ ਸਮੱਗਰੀ ਦੇ ਸਬੰਧ ਵਿੱਚ ਉਮਰ-ਤਸਦੀਕ ਵਰਗੀਆਂ ਸ਼ਰਤਾਂ ਲਾਈਆਂ ਜਾ ਸਕਦੀਆਂ ਹਨ।

## ਫੂਡ ਸੇਫਟੀ ਵਿੰਗ ਤਰਨ ਤਾਰਨ ਦੀ ਸਾਂਝੀ ਟੀਮ ਵੱਲੋਂ ਸਟ੍ਰੀਟ ਫੂਡ ਵਿਕਰੇਤਾਵਾਂ ਦਾ ਨਿਰੀਖਣ



**ਤਰਨਤਾਰਨ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਵਿੰਗ ਤਰਨਤਾਰਨ ਦੀ ਸਾਂਝੀ ਟੀਮ ਨੇ ਡੀ.ਸੀ ਤਰਨ ਤਾਰਨ ਦੁਆਰਾ ਗਠਿਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ, ਡਾ. ਹਰਜੋਤ ਪਾਲ ਸਿੰਘ, ਸਹਾਇਕ ਕਮਿਸ਼ਨਰ ਫੂਡ ਦੀ ਅਗਵਾਈ ਵਿਚ, ਅਸ਼ਵਨੀ ਕੁਮਾਰ ਅਤੇ ਸਾਕਸ਼ੀ ਖੋਸਲਾ (ਦੋਵੇਂ ਫੂਡ ਸੇਫਟੀ ਅਫਸਰਾਂ) ਦੇ ਨਾਲ ਸਟ੍ਰੀਟ ਫੂਡ ਵਿਕਰੇਤਾਵਾਂ, ਖਾਸ ਕਰਕੇ ਗਾਹਕਾਂ ਨੂੰ ਤਿਆਰ ਫਾਸਟ ਫੂਡ ਵਸਤਾਂ ਵੇਚਣ ਵਾਲਿਆਂ ਦਾ ਨਿਰੀਖਣ ਕੀਤਾ।

ਇਹ ਵਿਸ਼ੇਸ਼ ਜਾਂਚ ਮੁਹਿੰਮ ਜਸਵਿੰਦਰ ਸਿੰਘ, ਜੇ.ਈ ਪੀ.ਪੀ.ਸੀ.ਬੀ ਅਤੇ ਅੰਗਰੇਜ ਸਿੰਘ ਨਗਰ ਨਿਗਮ ਤਰਨ ਤਾਰਨ ਦੇ ਨਾਲ ਚਲਾਈ ਗਈ।

ਟੀਮ ਨੇ ਸਰਹਾਲੀ ਰੋਡ, ਬੋਹੜੀ ਚੌਂਕ, ਗੋਇੰਦਵਾਲ ਸਾਹਿਬ ਬਾਈਪਾਸ ਅਤੇ ਅੰਮ੍ਰਿਤਸਰ ਰੋਡ ਸਮੇਤ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕੀਤਾ ਅਤੇ ਸੋਇਆ ਚਾਪ, ਮੋਮੋਜ਼, ਸਪਰਿੰਗ ਰੋਲ ਅਤੇ ਨੂਡਲਜ਼ ਨਾਮਕ ਵੱਖ-ਵੱਖ ਫਾਸਟ ਫੂਡ ਵਸਤਾਂ ਦੇ ਨਮੂਨੇ ਭਰੇ।

ਸਾਰੇ ਭੋਜਨ ਕਾਰੋਬਾਰ ਸੰਚਾਲਕਾਂ ਖਾਸ ਕਰਕੇ ਸਟ੍ਰੀਟ ਫੂਡ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ। ਤਿਆਰ ਕੀਤੇ ਭੋਜਨ ਪਦਾਰਥ ਵੇਚਣ ਵਾਲੇ ਵਿਕਰੇਤਾ ਕਾਰਟ/ਸਟਾਲ ਨੂੰ ਸਾਫ਼ ਰੱਖਣ, ਗੁਣਵੱਤਾ ਵਾਲੇ ਕੱਚੇ ਮਾਲ ਦੀ ਵਰਤੋਂ ਕਰਨ, ਆਗਿਆ ਪ੍ਰਾਪਤ ਭੋਜਨ ਰੰਗਾਂ ਦੀ ਵਰਤੋਂ ਕਰਨ, ਤਿਆਰ ਭੋਜਨ ਨੂੰ ਧੂੜ ਅਤੇ ਮੱਖੀਆਂ ਦੇ ਸੰਪਰਕ ਤੋਂ ਬਿਨਾਂ ਢੱਕ ਕੇ ਰੱਖਣ ਅਤੇ ਢਕੇ ਹੋਏ ਡੱਬਿਆਂ ਦੀ ਵਰਤੋਂ ਕਰਨ।

ਵਧਦੇ ਤਾਪਮਾਨ ਨੂੰ ਧਿਆਨ ਵਿੱਚ ਰੱਖਦੇ ਹੋਏ, ਸਹਾਇਕ ਕਮਿਸ਼ਨਰ ਨੇ ਸਾਰਿਆਂ ਨੂੰ ਹਦਾਇਤ ਕੀਤੀ ਕਿ ਉਹ ਉਸ ਮਾਤਰਾ ਵਿਚ ਭੋਜਨ ਪਦਾਰਥ ਤਿਆਰ ਕਰਨ, ਜੋ ਤਾਜ਼ੇ ਪਰੋਸੇ/ਵੇਚਣ ਦੀ ਸੰਭਾਵਨਾ ਹੋਵੇ।

ਨਮੂਨੇ ਵਿਸ਼ਲੇਸ਼ਣ ਅਤੇ ਰਿਪੋਰਟ ਲਈ ਸਟੇਟ ਫੂਡ ਲੈਬਾਰਟਰੀ ਖਰੜ ਭੇਜੇ ਗਏ ਹਨ ਅਤੇ ਵਿਸ਼ਲੇਸ਼ਣ ਰਿਪੋਰਟ ਪ੍ਰਾਪਤ ਹੋਣ 'ਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਟੀਮ ਨੇ ਫਾਸਟ ਫੂਡ ਵਸਤੂਆਂ ਦੇ 4 ਨਮੂਨੇ ਵੀ ਲਏ।

ਆਮ ਲੋਕਾਂ ਲਈ ਸੁਰੱਖਿਅਤ, ਗੁਣਵੱਤਾ ਅਤੇ ਸ਼ੁੱਧ ਭੋਜਨ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਵਿਚ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਮੁਹਿੰਮ ਜਾਰੀ ਰੱਖੀ ਜਾਵੇਗੀ ਅਤੇ ਭਵਿੱਖ ਵਿਚ ਅਚਨਚੇਤ ਜਾਂਚ ਕੀਤੀ ਜਾਵੇਗੀ।

# ਪੰਜਾਬ ਨੇ ਭਾਰੀ ਕਰਜ਼ ਬੋਝ ਦੇ ਬਾਵਜੂਦ ਕਰਜ਼ ਤੋਂ ਜੀਡੀਪੀ ਅਨੁਪਾਤ ਨੂੰ ਸ.ਫਲਤਾਪੂਰਵਕ ਘਟਾਇਆ ਅਤੇ ਪਿਛਲੀਆਂ ਸਰਕਾਰਾਂ ਤੋਂ ਵਿਰਸਤ 'ਚ ਮਿਲੀਆਂ 21,860 ਕਰੋੜ ਰੁਪਏ ਦੀਆਂ ਦੇਣਦਾਰੀਆਂ ਦਾ ਭੁਗਤਾਨ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤਾ ਗਿਆ ਵਿੱਤੀ ਵਰ੍ਹੇ 2026-27 ਦਾ ਬਜਟ ਤਿੰਨ ਦਿਨਾਂ ਦੀ ਵਿਆਪਕ ਬਹਿਸ ਤੋਂ ਬਾਅਦ ਅੱਜ ਪਾਸ ਕਰ ਦਿੱਤਾ। ਸਦਨ ਵਿੱਚ ਚਰਚਾ ਨੂੰ ਸਮਾਪਤ ਕਰਦਿਆਂ ਵਿੱਤ ਮੰਤਰੀ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਪਿਛਲੇ ਚਾਰ ਸਾਲਾਂ ਦੇ ਕੰਮਾਂ ਦਾ ਵਿਸਤ੍ਰਿਤ ਖਾਕਾ ਪੇਸ਼ ਕੀਤਾ ਅਤੇ ਬਹਿਸ ਦੌਰਾਨ ਵੱਖ-ਵੱਖ ਵਿਧਾਇਕਾਂ ਵੱਲੋਂ ਉਠਾਏ ਗਏ ਸਵਾਲਾਂ ਅਤੇ ਸੁਝਾਵਾਂ ਦੇ ਜਵਾਬ ਦਿੱਤੇ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਵਿਰੋਧੀ ਸਿਧਾਂਤਾਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਪੈਸੇ ਦੀ ਚੋਰੀ ਪ੍ਰਤੀ ਪੰਜਾਬ ਸਰਕਾਰ ਦੀ ਜ਼ੀਰੋ ਸਹਿਣਸ਼ੀਲਤਾ ਨੀਤੀ ਸਦਕਾ ਮਾਲੀਏ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਆਬਕਾਰੀ ਮਾਲੀਆ 20,000 ਕਰੋੜ ਰੁਪਏ ਤੋਂ ਵਧ ਕੇ 53,000 ਕਰੋੜ ਰੁਪਏ ਹੋ ਗਿਆ ਹੈ, ਜਦੋਂ ਕਿ ਜੀਐਸਟੀ ਉਗਰਾਹੀ 61,000 ਕਰੋੜ ਰੁਪਏ ਤੋਂ ਦੁੱਗਣੀ ਹੋ ਕੇ 1,21,000 ਕਰੋੜ ਰੁਪਏ ਹੋ ਗਈ ਹੈ। ਇਸ ਤੋਂ ਇਲਾਵਾ ਸਟੈਂਪ ਰਜਿਸਟ੍ਰੇਸ਼ਨ ਮਾਲੀਆ 12,000 ਕਰੋੜ ਰੁਪਏ ਤੋਂ ਵਧ ਕੇ ?30,000 ਕਰੋੜ ਰੁਪਏ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਖ਼ਜ਼ਾਨੇ ਵਿੱਚ ਇਹ ਕ੍ਰਾਂਤੀਕਾਰੀ ਬਦਲਾਅ ਸਖ਼ਤ ਚੌਕਸੀ ਅਤੇ ਇਮਾਨਦਾਰ ਸ਼ਾਸਨ ਰਾਹੀਂ ਸੰਭਵ ਹੋਇਆ ਹੈ।

ਰੋਜ਼ਗਾਰ ਉੱਤਪਤੀ ਅਤੇ 'ਆਪ' ਸਰਕਾਰ ਦੀਆਂ ਗਾਰੰਟੀਆਂ ਬਾਰੇ ਗੱਲ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਦੋਂ ਸਾਡੀ ਸਰਕਾਰ ਨੇ 2022 ਵਿੱਚ ਆਪਣੀ ਕੈਬਨਿਟ ਦਾ ਪਹਿਲਾ ਫੈਸਲਾ ਲਿਆ ਸੀ ਤਾਂ ਅਸੀਂ 30,000 ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਅੱਜ ਅਸੀਂ ਪੰਜਾਬ ਦੇ ਨੌਜਵਾਨਾਂ ਨੂੰ 63,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਇਸ ਵਾਅਦੇ ਤੋਂ ਕਿਤੇ ਵੱਧ ਕਰਕੇ ਦਿਖਾਇਆ ਹੈ। ਇਸ ਇਤਿਹਾਸਕ ਭਰਤੀ ਮੁਹਿੰਮ ਨੇ ਸੂਬੇ ਵਿੱਚੋਂ ਨੌਜਵਾਨਾਂ ਦੀ ਵਿਦੇਸ਼ਾਂ ਵੱਲ ਹਿਜਰਤ ਨੂੰ ਠੱਲ੍ਹ ਪਾ ਕੇ ਨੌਜਵਾਨ ਪੀੜ੍ਹੀ ਲਈ ਇੱਕ ਸਕਾਰਾਤਮਕ ਮਾਹੌਲ ਸਿਰਜਿਆ ਹੈ।

ਸੂਬੇ ਦੇ ਕਰਜ਼ ਬਾਰੇ ਵਿਰੋਧੀ ਧਿਰ ਦੇ ਸ਼ੰਕਿਆਂ/ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਰਾਜ ਦੇ ਮੌਜੂਦਾ ਫੰਡਾਂ ਦਾ 85 ਫੀਸਦ ਹਿੱਸਾ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ ਵਿੱਚ ਮਿਲੇ ਵੱਡੇ ਕਰਜ਼ ਦੀ ਅਦਾਇਗੀ ਲਈ ਵਰਤਿਆ ਜਾ ਰਿਹਾ ਹੈ। ਇਸ ਬੋਝ ਦੇ ਬਾਵਜੂਦ ਸਾਡੀ ਸਰਕਾਰ ਕਰਜ਼ ਤੋਂ ਜੀਡੀਪੀ ਅਨੁਪਾਤ ਨੂੰ 48 ਫੀਸਦ ਤੋਂ ਘਟਾ ਕੇ 45 ਫੀਸਦ ਕਰਨ ਵਿੱਚ ਕਾਮਯਾਬ ਰਹੀ ਹੈ ਅਤੇ ਅਸੀਂ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ 'ਚ ਮਿਲੀਆਂ 21,860 ਕਰੋੜ ਰੁਪਏ ਦੀਆਂ ਦੇਣਦਾਰੀਆਂ ਦਾ ਭੁਗਤਾਨ ਵੀ ਕੀਤਾ ਹੈ। ਇਸ ਦੇ ਨਾਲ ਹੀ ਰਾਜ ਨੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫਆਰਬੀਐਮ) ਐਕਟ ਤਹਿਤ ਨਿਰਧਾਰਤ ਸੀਮਾਵਾਂ ਦੀ ਸਖਤੀ ਨਾਲ ਪਾਲਣਾ ਕੀਤੀ ਹੈ ਅਤੇ ਲੋੜ ਤੋਂ ਜ਼ਿਆਦਾ ਕਰਜ਼ ਲੈਣ ਦਾ ਸਹਾਰਾ ਨਹੀਂ ਲਿਆ ਹੈ। ਸਿੰਕਿੰਗ ਫੰਡ ਅਤੇ ਗਰੰਟੀ ਰੀਡੈਂਪਸ਼ਨ ਵਿਧੀਆਂ ਰਾਹੀਂ ਥੋੜ੍ਹੇ ਸਮੇਂ ਦੇ ਨਕਦ ਪ੍ਰਬੰਧਨ ਨੂੰ ਕੁਸ਼ਲਤਾ ਨਾਲ ਸੰਭਾਲਿਆ ਗਿਆ ਹੈ, ਜਿਸ ਨਾਲ ਸੂਬਾ ਘੱਟ ਵਿਆਜ ਦਰਾਂ ਦੇ ਯੋਗ ਹੋ ਸਕਿਆ।



ਭਲਾਈ ਪਹਿਲਕਦਮੀਆਂ ਬਾਰੇ ਬੋਲਦਿਆਂ ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰ ਨੇ ਮਹਿਲਾਵਾਂ ਲਈ 1,000 ਰੁਪਏ ਦੀ ਵਿੱਤੀ ਸਹਾਇਤਾ ਸਕੀਮ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਗਈਆਂ ਸਾਰੀਆਂ ਪੰਜ ਮੁੱਖ ਗਾਰੰਟੀਆਂ ਪੂਰੀਆਂ ਹੋ ਗਈਆਂ ਹਨ। ਸੂਬਾ ਸਰਕਾਰ ਵੱਲ ਗੰਨੇ ਦੇ ਬਕਾਏ ਦਾ ਇੱਕ ਵੀ ਰੁਪਿਆ ਲੰਬਿਤ ਨਹੀਂ ਹੈ ਅਤੇ ਜੋ 27 ਕਰੋੜ ਰੁਪਏ ਦਾ ਬਕਾਇਆ ਹੈ, ਉਹ ਫਗਵਾੜਾ ਦੀ ਇੱਕ ਨਿੱਜੀ ਮਿੱਲ ਦਾ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਬਣਦਾ ਭੁਗਤਾਨ ਮਿਲਣ ਨੂੰ ਯਕੀਨੀ ਬਣਾਉਣ ਲਈ ਇਸ ਮਿੱਲ ਦੀਆਂ ਸੰਪਤੀਆਂ ਸਰਕਾਰ ਵੱਲੋਂ ਪਹਿਲਾਂ ਹੀ ਜ਼ਬਤ ਕਰ ਲਈਆਂ ਗਈਆਂ ਹਨ।

ਕਿਸਾਨਾਂ ਲਈ ਯਕਮੁਸ਼ਤ ਨਿਪਟਾਰਾ ਯਕੀਨੀ ਬਣਾਉਣ ਸਬੰਧੀ ਵਿਧਾਇਕ ਰਾਣਾ ਇੰਦਰ ਪ੍ਰਤਾਪ ਦੇ ਸੁਝਾਅ ਦੇ ਜਵਾਬ ਵਿੱਚ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸਨੂੰ ਸੁਚਾਰੂ ਬਣਾਉਣ ਲਈ ਘਾਟੇ ਵਿੱਚ ਚੱਲ ਰਹੇ ਬੈਂਕਾਂ ਨੂੰ ਭਾਰਤੀ ਰਿਜ਼ਰਵ ਬੈਂਕ ਨਾਲ ਜੋੜਨ ਲਈ ਸਰਗਰਮੀ ਨਾਲ ਯਤਨ ਕਰ ਰਹੇ ਹਨ।

ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵੱਲੋਂ ਐਮਐਲਏ ਸਥਾਨਕ ਖੇਤਰ ਵਿਕਾਸ ਫੰਡਾਂ ਬਾਰੇ ਉਠਾਏ ਗਏ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕਿਹਾ, ਐਮਐਲਏ ਸਥਾਨਕ ਖੇਤਰ ਵਿਕਾਸ ਫੰਡਾਂ ਨੂੰ ਪ੍ਰਤੀ ਵਿਧਾਇਕ 5 ਕਰੋੜ ਤੋਂ ਦੁੱਗਣਾ ਕਰਕੇ 10 ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜਿਸ ਨਾਲ ਚੁਣੇ ਹੋਏ ਪ੍ਰਤੀਨਿਧ ਵਿਆਪਕ ਵਿਕਾਸ ਪ੍ਰਸਤਾਵਾਂ ਨੂੰ ਯਕੀਨੀ ਬਣਾ ਸਕਦੇ ਹਨ। ਇਨ੍ਹਾਂ ਫੰਡਾਂ ਦੀ ਵਰਤੋਂ ਲਈ ਕੁਝ ਦਿਸ਼ਾ-ਨਿਰਦੇਸ਼ ਹਨ ਅਤੇ ਵਿਧਾਇਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ।

ਵਿਧਾਇਕ ਨਛੱਤਰ ਪਾਲ ਅਤੇ ਹੋਰ ਨਵੇਂ ਚੁਣੇ ਗਏ ਮੈਂਬਰਾਂ ਵੱਲੋਂ ਉਠਾਈਆਂ ਗਈਆਂ ਬੁਨਿਆਦੀ ਢਾਂਚੇ ਦੀਆਂ ਮੰਗਾਂ ਦੇ ਜਵਾਬ ਵਿੱਚ, ਪੰਜਾਬ ਦੇ ਮੰਤਰੀ ਨੇ ਕਿਹਾ, ਬਜਟ ਵਿੱਚ ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਤਰਜੀਹ ਦਿੱਤੀ ਗਈ ਹੈ। ਸੂਬੇ ਭਰ ਵਿੱਚ ਨਵੇਂ ਪੁਲਾਂ ਅਤੇ ਸੜਕਾਂ ਦੇ ਨਿਰਮਾਣ ਲਈ 130 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਗ੍ਰਹਿ ਮਾਮਲਿਆਂ ਦੇ ਬਜਟ ਨੂੰ 7 ਫੀਸਦ ਵਧਾ ਕੇ 11,577 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਨਵੇਂ ਪੁਲਿਸ ਸਟੇਸ਼ਨਾਂ ਅਤੇ ਪੁਲਿਸ ਲਾਈਨਾਂ ਦੇ ਨਿਰਮਾਣ ਲਈ ਪੂੰਜੀਗਤ ਖਰਚ ਵੀ 297 ਕਰੋੜ ਰੁਪਏ ਤੋਂ ਵਧਾ ਕੇ 480 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਵਿਧਾਇਕ ਰਾਣਾ ਇੰਦਰ ਪ੍ਰਤਾਪ ਵੱਲੋਂ ਸਿਹਤ ਬੀਮਾ ਯੋਜਨਾ ਲਈ ਫੰਡਿੰਗ ਬਾਰੇ ਉਠਾਏ ਮੁੱਦਿਆਂ ਬਾਰੇ ਗੱਲ ਕਰਦਿਆਂ, ਹਰਪਾਲ ਸਿੰਘ ਚੀਮਾ ਨੇ ਕਿਹਾ, ਸਿਹਤ ਬੀਮਾ ਯੋਜਨਾ ਲਈ 2,000 ਕਰੋੜ ਰੁਪਏ ਰੱਖੇ ਗਏ ਹਨ ਅਤੇ ਜੇਕਰ ਲੋੜ ਪਈ ਤਾਂ ਇਸ ਵੰਡ ਨੂੰ ਸਾਲ ਦੇ ਅੰਤ ਵਿੱਚ ਹੋਰ ਵਧਾਇਆ ਜਾ ਸਕਦਾ ਹੈ।

ਵਿਧਾਇਕ ਸੁਖਵਿੰਦਰ ਸੁੱਖੀ ਵੱਲੋਂ ਨਿੱਜੀ ਸਹਾਇਕਾਂ ਅਤੇ ਡਰਾਈਵਰਾਂ ਦੀਆਂ ਤਨਖਾਹਾਂ ਸਬੰਧੀ ਦਿੱਤੇ ਸੁਝਾਵਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ, ਹਾਊਸ ਕਮੇਟੀ ਨੂੰ ਆਪਣੀਆਂ ਸਿਫ਼ਾਰਸ਼ਾਂ ਮੁੱਖ ਮੰਤਰੀ ਕੋਲ ਸਮੀਖਿਆ ਲਈ ਭੇਜਣੀਆਂ ਚਾਹੀਦੀਆਂ ਹਨ।

ਮੁਲਾਜ਼ਮਾਂ ਦੀ ਭਲਾਈ ਅਤੇ ਪੈਨਸ਼ਨਾਂ ਬਾਰੇ ਬੋਲਦਿਆਂ, ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ, ਸਰਕਾਰ ਵੱਲੋਂ ਜਨਵਰੀ 2016 ਤੋਂ ਜੂਨ 2021 ਤੱਕ ਦੀ ਮਿਆਦ ਲਈ 75 ਅਤੇ 85 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਲਈ ਲੰਬਿਤ ਮਹਿੰਗਾਈ ਭੱਤੇ ਦੇ ਬਕਾਏ ਦਾ 100 ਫੀਸਦ ਭੁਗਤਾਨ ਕਰ ਦਿੱਤਾ ਗਿਆ ਹੈ।

1 ਅਪ੍ਰੈਲ ਤੋਂ ਮੌਜੂਦਾ ਕਰਮਚਾਰੀਆਂ ਅਤੇ ਪੈਨਸ਼ਨਰਾਂ ਲਈ ਬਾਕੀ ਬਕਾਏ ਜਾਰੀ ਕਰਨ ਲਈ ਵੀ ਫੰਡ ਅਲਾਟ ਕੀਤੇ ਗਏ ਹਨ।

ਪੁਰਾਣੀ ਪੈਨਸ਼ਨ ਯੋਜਨਾ ਬਾਰੇ ਉਨ੍ਹਾਂ ਕਿਹਾ, ਮੁੱਖ ਸਕੱਤਰ ਦੀ ਅਗਵਾਈ ਵਾਲੀ ਇੱਕ ਮਾਹਰ ਕਮੇਟੀ ਪੁਰਾਣੀ ਪੈਨਸ਼ਨ ਯੋਜਨਾ ਦੇ ਵਿੱਤੀ ਪ੍ਰਭਾਵ ਦਾ ਡੂੰਘਾਈ ਨਾਲ ਅਧਿਐਨ ਕਰ ਰਹੀ ਹੈ ਤਾਂ ਜੋ ਇੱਕ ਸੁਰੱਖਿਅਤ ਫੈਸਲਾ ਲਿਆ ਜਾ ਸਕੇ। ਕਮੇਟੀ ਵੱਲੋਂ ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਰਗੇ ਸੂਬਿਆਂ ਨੂੰ ਅਜਿਹੀਆਂ ਨੀਤੀਆਂ ਲਾਗੂ ਕਰਨ ਤੋਂ ਬਾਅਦ ਦਰਪੇਸ਼ ਵਿੱਤੀ ਚੁਣੌਤੀਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਖੁਰਾਲਗੜ੍ਹ ਵਿਖੇ ਗੁਰੂ ਰਵਿਦਾਸ ਦੀ 650ਵੀਂ ਜਯੰਤੀ ਮਨਾਉਣ ਲਈ 100 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਦੀ ਸਥਾਪਨਾ ਲਈ ਡੇਰਾ ਬੱਲਾਂ ਨੇੜੇ ਦਸ ਏਕੜ ਜ਼ਮੀਨ ਵੀ ਖਰੀਦੀ ਗਈ ਹੈ ਅਤੇ ਜਲਦੀ ਹੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸਦੀ ਨੀਂਹ ਰੱਖੀ ਜਾਵੇਗੀ।

ਭਵਿੱਖੀ ਪਹਿਲਕਦਮੀਆਂ ਬਾਰੇ ਗੱਲ ਕਰਦਿਆਂ, ਪੰਜਾਬ ਦੇ ਮੰਤਰੀ ਨੇ ਕਿਹਾ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਨਵੀਂ ਵਿਸ਼ਵ ਯੂਨੀਵਰਸਿਟੀ ਦੀ ਸਥਾਪਨਾ ਲਈ ਫੰਡ ਨਿਰਧਾਰਤ ਕੀਤੇ ਗਏ ਹਨ ਅਤੇ ਇਸ ਪ੍ਰੋਜੈਕਟ 'ਤੇ ਕੰਮ ਜੰਗੀ ਪੱਧਰ 'ਤੇ ਸ਼ੁਰੂ ਹੋਵੇਗਾ।

ਬਜਟ 'ਤੇ ਚਰਚਾ ਨੂੰ ਸਮਾਪਤ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੂਬੇ ਦੇ ਵਿਆਪਕ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ, ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਹਰ ਖੇਤ ਤੱਕ ਪਾਣੀ ਪਹੁੰਚਾਉਣ ਦਾ ਵਾਅਦਾ ਕੀਤਾ ਹੈ ਅਤੇ ਸਰਕਾਰ 2027 ਤੋਂ ਪਹਿਲਾਂ ਪੰਜਾਬ ਨੂੰ ਖੁਸ਼ਹਾਲੀ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਵਿਆਪਕ ਯੋਜਨਾ ਤਿਆਰ ਕਰਨ ਦੇ ਨਿਰਦੇਸ਼

**ਜਲੰਧਰ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

: ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਵਿਆਪਕ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਡੇਂਗੂ ਅਤੇ ਚਿਕਨਗੁਨੀਆਂ ਵਰਗੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਅਗੇਤੇ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਖਾਸ ਕਰ ਸੰਵੇਦਨਸ਼ੀਲ ਇਲਾਕਿਆਂ ਵਿੱਚ ਵਿਸ਼ੇਸ਼ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਲੋਕਾਂ ਵਿੱਚ ਰੋਕਥਾਮ ਉਪਾਵਾਂ ਬਾਰੇ ਜਾਗਰੂਕਤਾ ਫੈਲਾਉਣ ਦੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਅਤੇ ਸਿਵਲ ਸਰਜਨ ਡਾ. ਰਾਜੇਸ਼ ਗਰਗ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਚੱਲ ਰਹੀ ਰਜਿਸਟ੍ਰੇਸ਼ਨ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਿਹਤ ਸੁਰੱਖਿਆ ਦਾ ਲਾਭ ਹਰੇਕ ਤੱਕ ਪਹੁੰਚਾਉਣ ਲਈ ਜ਼ਿਲ੍ਹੇ ਦੇ ਹਰੇਕ ਪਰਿਵਾਰ ਦੀ ਸਕੀਮ ਤਹਿਤ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ। ਉਨ੍ਹਾਂ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਵੀ ਨਿਰਦੇਸ਼ ਦਿੱਤੇ ਤਾਂ ਜੋ ਜ਼ਿਲ੍ਹੇ ਦੇ ਹਰੇਕ ਪਰਿਵਾਰ ਨੂੰ ਇਸ ਯੋਜਨਾ ਤਹਿਤ ਕਵਰ ਕੀਤਾ ਜਾ ਸਕੇ।

ਜ਼ਿਕਰਯੋਗ ਹੈ ਕਿ ਇਸ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਉਨ੍ਹਾਂ ਮੀਟਿੰਗ ਦੌਰਾਨ ਆਮ ਆਦਮੀ ਕਲੀਨਿਕਾਂ ਰਾਹੀਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ, ਨਸ਼ਾ ਛੁਡਾਊ ਕੇਂਦਰਾਂ, ਮੁੜ ਵਸੇਬਾ ਕੇਂਦਰਾਂ ਅਤੇ ਓਟ ਕਲੀਨਿਕਾਂ ਦੀ ਕਾਰਗੁਜ਼ਾਰੀ ਦੇ ਨਾਲ-ਨਾਲ ਟੀ.ਬੀ. ਮੁਕਤ ਭਾਰਤ ਅਭਿਆਨ, ਆਰ.ਬੀ.ਐਸ.ਕੇ., ਯੂ.ਡੀ.ਆਈ.ਡੀ. ਦੀ ਪ੍ਰਗਤੀ, ਜਨਮ ਤੇ ਮੌਤ ਰਜਿਸਟ੍ਰੇਸ਼ਨ ਆਦਿ ਦਾ ਵੀ ਜਾਇਜ਼ਾ ਲਿਆ। ਡਾ. ਅਗਰਵਾਲ ਨੇ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਕਰਦਿਆਂ ਸਰਕਾਰ ਵੱਲੋਂ ਮਿੱਥੇ ਟੀਚਿਆਂ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਿਹਤ ਸੇਵਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ ਤਾਂ ਜੋ ਕੋਈ ਵੀ ਲੋੜਵੰਦ ਇਨ੍ਹਾਂ ਤੋਂ ਵਾਂਝਾ ਨਾ ਰਹੇ।

ਮੀਟਿੰਗ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਔਰਤਾਂ ਨੂੰ 1000 ਰੁਪਏ ਦੇਣ ਦੇ ਫੈਸਲੇ ਤੋਂ ਖਫਾ ਹੋ ਕੇ ਵਿਰੋਧੀ ਧਿਰ ਬਜਟ 'ਤੇ ਚਰਚਾ ਕਰਨ ਤੋਂ ਭੱਜੀ : ਮਾਨ

**➢ ਜੇਕਰ ਵਿਰੋਧੀਆਂ ਨੂੰ ਗੁਰਬਤ ਬਾਰੇ ਪਤਾ ਹੁੰਦਾ ਤਾਂ ਔਰਤ ਨੂੰ 1000 ਰੁਪਏ ਦੇਣ ਦੀ ਮੁਖਾਲ.ਫਤ ਨਾ ਕਰਦੇ ➢ ਵਿਰੋਧੀਆਂ ਨੂੰ ਪਤਾ ਹੈ ਕਿ ਸਾਲ 2027 ਵਿੱਚ ਵੀ ਭਗਵੰਤ ਸਿੰਘ ਮਾਨ ਦੀ ਸਰਕਾਰ ਆਵੇਗੀ, ਇਸ ਲਈ ਬਜਟ ਵਿੱਚ ਚਰਚਾ ਤੋਂ ਗੈਰ-ਹਾਜ਼ਰ ਰਹੇ**

**ਚੰਡੀਗੜ੍ਹ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਵਿਰੋਧੀ ਧਿਰ ਨੇ ਬਜਟ ਦੀ ਬਹਿਸ ਵਿੱਚ ਇਸ ਕਰਕੇ ਹਿੱਸਾ ਨਹੀਂ ਲਿਆ ਕਿਉਂਕਿ ਮਹਿਲਾਵਾਂ ਨੂੰ 1,000 ਰੁਪਏ ਦੇਣ ਦੇ ਇਤਿਹਾਸਕ ਫੈਸਲੇ ਦਾ ਸਾਹਮਣਾ ਕਰਨ ਤੋਂ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਦਹਾਕਿਆਂ ਤੱਕ ਲੋਕਾਂ ਨੂੰ ਗਰੀਬ @ਚ ਧੱਕਣ ਵਾਲੀਆਂ ਪਾਰਟੀਆਂ ਹੁਣ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਅਧੀਨ ਆਮ ਪਰਿਵਾਰਾਂ ਦੇ ਸਸ਼ਕਤੀਕਰਨ ਤੋਂ ਬੁਖਲਾਈਆਂ ਹੋਈਆਂ ਹਨ।

ਪੰਜਾਬ ਸਰਕਾਰ ਦੇ ਪੰਜਵੇਂ ਸਾਲਾਨਾ ਬਜਟ ਨੂੰ ÷ਸ਼ਹੀਦਾਂ ਦੇ ਸੁਪਨਿਆਂ ਦਾ ਬਜਟ÷ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਜਟ ਦਾ ਉਦੇਸ਼ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੈ। ਇਸ ਦੁਹਰਾਇਆ ਕਿ ਪੰਜਾਬ ਸਰਕਾਰ ਨੇ ਚਾਰ ਸਾਲਾਂ ਦੇ ਅੰਦਰ ਆਪਣੀਆਂ ਸਾਰੀਆਂ ਚੋਣ ਗਰੰਟੀਆਂ ਪੂਰੀਆਂ ਕਰ ਲਈਆਂ ਹਨ ਅਤੇ ਉਹ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਏਜੰਡਾ ਤਿਆਰ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧੀ ਧਿਰ ਪਹਿਲਾਂ ਤੋਂ ਹੀ ਇਹ ਜਾਣਦੀ ਹੈ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ 2027 ਵਿੱਚ ਮੁੜ ਸੱਤਾ @ਚ ਆਵੇਗੀ, ਇਸ ਲਈ ਵਿਰੋਧੀ ਧਿਰ ਨੇ ਲੋਕਾਂ ਦੇ ਸਾਹਮਣੇ ਸੱਚਾਈ ਦਾ ਸਾਹਮਣਾ ਕਰਨ ਦੀ ਥਾਂ ਬਹਿਸ ਤੋਂ ਭੱਜਣਾ ਚੁਣਿਆ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿੱਤੀ ਸਾਲ 2026-27 ਲਈ ਪੇਸ਼ ਕੀਤੇ ਬਜਟ 'ਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਚਾਰ ਸਾਲਾਂ ਵਿੱਚ ਸਾਰੀਆਂ ਚੋਣ ਗਾਰੰਟੀਆਂ ਨੂੰ ਪੂਰਾ ਕੀਤਾ ਹੈ। ਰਵਾਇਤੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਖਾਨਾਪੂਰਤੀ ਹੁੰਦੇ ਸਨ। ਅਸੀਂ ਲੋਕਾਂ ਦੇ ਸਹਿਯੋਗ ਨਾਲ ਸਾਲ 2027 ਵਿੱਚ ਏਸੇ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਦੇ ਰਹਾਂਗੇ। ਪਹਿਲੀ ਵਾਰ ਕਿਸੇ ਸਰਕਾਰ ਨੇ ਆਪਣੇ ਬਜਟ ਨੂੰ ਪਵਿੱਤਰ ਦਸਤਾਵੇਜ਼ ਸਮਝਦੇ ਹੋਏ ਲੋਕਾਂ ਨਾਲ ਕੀਤਾ ਇਕ-ਇਕ ਵਾਅਦਾ ਪੂਰਾ ਕੀਤਾ ਹੈ। ਲੋਕ ਪੱਖੀ ਬਜਟ ਪੇਸ਼ ਕਰਨ ਲਈ ਵਿੱਤ ਮੰਤਰੀ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਬਜਟ ਵਿੱਚ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ ਦੀ ਗੱਲ ਕੀਤੀ ਗਈ ਹੈ, ਜਿਨ੍ਹਾਂ ਲੋਕਾਂ ਦੀ ਤਰੱਕੀ ਵਿੱਚ ਹਮੇਸ਼ਾ ਆਰਥਿਕ ਕਮਜ਼ੋਰੀ ਰੁਕਾਵਟ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ 97 ਫੀਸਦੀ ਮਹਿਲਾਵਾਂ ਨੂੰ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਲਾਭ ਦੇਣ, 40 ਲੱਖ ਪਰਿਵਾਰਾਂ ਨੂੰ ਮੇਰੀ ਰਸੋਈ ਯੋਜਨਾ ਤਹਿਤ ਮੁਫਤ ਰਾਸ਼ਨ ਦੇਣ, 10 ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਦੇਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਔਰਤਾਂ ਨੂੰ 1000-1500 ਰੁਪਏ ਦੇਣ ਦਾ ਐਲਾਨ ਕੀਤਾ ਹੈ, ਵਿਰੋਧੀ ਪਾਰਟੀਆਂ ਘਬਰਾਈਆਂ ਹੋਈਆਂ ਹਨ ਜਿਸ ਕਰਕੇ ਉਹ ਸਦਨ ਦਾ ਬਾਈਕਾਟ ਕਰਕੇ ਭੱਜ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਬਜਟ ਗਲੀਆਂ-ਨਾਲੀਆਂ ਪੱਕੀਆਂ ਕਰਨ ਤੱਕ ਸੀਮਿਤ ਹੁੰਦੇ ਸਨ ਪਰ ਅਸੀਂ ਆਪਣੇ ਬੱਚਿਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਦੇਣ, ਮਿਆਰੀ ਸਿਹਤ ਸਹੂਲਤਾਂ ਦੇਣ ਅਤੇ ਮੈਡੀਕਲ ਕਾਲਜ ਬਣਾਉਣ ਦੇ ਪ੍ਰਸਤਾਵ ਰੱਖੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਮਿਆਰੀ ਸਹੂਲਤਾਂ ਦੇਣ ਅਤੇ ਨੌਜਵਾਨਾਂ ਨੂੰ ਇੱਥੇ ਰਹਿ ਕੇ ਡਾਕਟਰ ਬਣਨ ਦਾ ਸੁਪਨਾ ਸਾਕਾਰ ਕਰਨ ਲਈ ਸੂਬੇ ਵਿੱਚ 7 ਮੈਡੀਕਲ ਕਾਲਜ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕਾਲਜ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਲਹਿਰਾਗਾਗਾ, ਮਲੇਰਕੋਟਲਾ ਅਤੇ ਲੁਧਿਆਣਾ ਵਿੱਚ ਬਣਨਗੇ ਅਤੇ ਇਨ੍ਹਾਂ ਕਾਲਜਾਂ ਦੇ ਬਣਨ ਨਾਲ ਐਮ.ਬੀ.ਬੀ.ਐਸ. ਦੀਆਂ 600 ਸੀਟਾਂ ਵਧ ਜਾਣਗੀਆਂ। ਉਨ੍ਹਾਂ ਕਿਹਾ ਕਿ 881 ਆਮ ਆਦਮੀ ਕਲੀਨਿਕਾਂ ਵਿੱਚ 5 ਕਰੋੜ ਓ.ਪੀ.ਡੀ. ਐਂਟਰੀ ਦਰਜ ਕੀਤੀ ਹੈ ਜੋ ਸਿਹਤ ਸੇਵਾਵਾਂ ਵਿੱਚ ਲੋਕਾਂ ਦਾ ਭਰੋਸਾ ਜ਼ਾਹਰ ਕਰਦਾ ਹੈ।



'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਦਾ ਮਜ਼ਾਕ ਉਡਾਉਣ ਵਾਲਿਆਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਧਨਾਢ ਆਗੂਆਂ ਵੱਲੋਂ ਜਾਣਬੁੱਝ ਕੇ ਗਰੀਬ ਲੋਕਾਂ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਗਰੀਬਾਂ ਦੀ ਭਲਾਈ ਲਈ ਕਦੇ ਵੀ ਕੋਈ ਕੰਮ ਨਹੀਂ ਕੀਤਾ ਜਿਸ ਕਰਕੇ ਅੱਜ ਵੀ ਬਹੁਤ ਪਰਿਵਾਰ ਗੁਰਬਤ ਦੀ ਜ਼ਿੰਦਗੀ ਹੰਢਾ ਰਹੇ ਹਨ ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਬੰਦੋਬਸਤ ਕਰਨਾ ਔਖਾ ਹੋ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਗਰੀਬ ਲੋਕਾਂ ਦੀ ਆਰਥਿਕ ਆਜ਼ਾਦੀ ਤੋਂ ਤਕਲੀਫ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਲੀਡਰ ਆਪਣੇ ਬੱਚਿਆਂ ਨੂੰ ਪਹਾੜਾਂ ਦੇ ਕਾਨਵੈਂਟ ਸਕੂਲਾਂ ਤੋਂ ਪੜ੍ਹਾਉਂਦੇ ਹਨ ਪਰ ਗਰੀਬ ਲੋਕਾਂ ਨੂੰ ਅਨਪੜ੍ਹ ਰੱਖਣਾ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਕੀਤੀ ਤਾਂ ਪੱਛੜੇ ਪਰਿਵਾਰਾਂ ਦੇ ਬੱਚੇ ਜੇ.ਈ.ਈ., ਜੇ.ਈ.ਈ. ਮੇਨਜ਼ ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਪਾਸ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਮੇਰੀ ਰਸੋਈ ਸਕੀਮ 40 ਲੱਖ ਪਰਿਵਾਰਾਂ ਖਾਸ ਕਰਕੇ ਉਨ੍ਹਾਂ ਦੇ ਬੱਚਿਆਂ ਲਈ ਪੌਸ਼ਟਿਕ ਖੁਰਾਕ ਯਕੀਨੀ ਬਣਾਏਗੀ। ਇਸ ਸਕੀਮ ਹੇਠ ਪਰਿਵਾਰ ਨੂੰ ਦੋ ਕਿਲੋ ਖੰਡ, ਦੋ ਕਿਲੋ ਦਾਲ, ਇਕ ਲੀਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ ਇਕ ਕਿਲੋ ਲੂਣ ਦੀ ਕਿੱਟ ਮਿਲੇਗੀ।

ਪੰਜਾਬ ਪੁਲਿਸ ਵਿੱਚ 10,000 ਅਸਾਮੀ ਸਿਰਜਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮਿਲਣਗੇ।

## ਮੋਹਾਲੀ ਕਾਂਗਰਸ ਵੱਲੋਂ ਪੰਜਾਬ ਪੁਲਿਸ ਦੀ ਧੱਕੇਸ਼ਾਹੀ ਖ਼ਿਲਾ.ਫ ਐੱਸਐੱਸਪੀ ਦ.ਫਤਰ ਬਾਹਰ ਰੋਸ ਪ੍ਰਦਰਸ਼ਨ

**ਮੁਹਾਲੀ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਵਧ ਰਹੀਆਂ ਪੁਲਿਸ ਧੱਕੇਸ਼ਾਹੀਆਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸਰਪਰਸਤੀ ਹੇਠ ਲੋਕਾਂ ਨਾਲ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੋਧ ਵਿੱਚ ਅੱਜ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਐੱਸਐੱਸਪੀ ਦ.ਫਤਰ, ਸੈਕਟਰ-76 ਮੋਹਾਲੀ ਵਿਖੇ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਹਾਜ਼ਰੀ ਭਰੀ ਅਤੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਸ਼ਹਿ ਉੱਤੇ ਫੇਜ਼-1 ਥਾਣੇ ਦੇ ਐਸ.ਐਚ.ਓ ਅਤੇ ਸਬ ਇੰਸਪੈਕਟਰ ਵੱਲੋਂ ਆਮ ਲੋਕਾਂ ਨੂੰ ਬੇਵਜ੍ਹਾ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦਾ ਕੰਮ ਲੋਕਾਂ ਦੀ ਰੱਖਿਆ ਕਰਨਾ ਹੁੰਦਾ ਹੈ, ਨਾ ਕਿ ਉਨ੍ਹਾਂ ਨੂੰ ਡਰਾਉਣਾ-ਧਮਕਾਉਣਾ।



ਪਰ ਅੱਜ ਪੰਜਾਬ ਵਿੱਚ ਪੁਲਿਸ ਨੂੰ ਰਾਜਨੀਤਿਕ ਦਬਾਅ ਹੇਠ ਵਰਤਿਆ ਜਾ ਰਿਹਾ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ।

ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਵਧ ਰਹੀਆਂ ਪੁਲਿਸ ਦੀਆਂ ਧੱਕੇਸ਼ਾਹੀਆਂ ਅਤੇ ਆਮ ਲੋਕਾਂ ਨਾਲ ਹੋ ਰਹੇ ਜ਼ੁਲਮਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਇਸੇ ਤਰ੍ਹਾਂ ਦਾ ਇੱਕ ਮਾਮਲਾ, ਜਦੋਂ ਇੱਕ ਮਿਹਨਤੀ ਦੁਕਾਨਦਾਰ ਮਹਿਲਾ ਨੂੰ ਇਨਸਾਫ਼ ਦੀ ਬਜਾਏ ਮੋਹਾਲੀ $*1 ਕੁਲਵੰਤ ਸਿੰਘ ਦੀ ਸ਼ਹਿ 'ਤੇ ਪੁਲਿਸ ਵੱਲੋਂ ਡਰਾਇਆ ਧਮਕਾਇਆ ਗਿਆ ਅਤੇ ਉਸਨੂੰ ਗਾਲਾਂ ਕਢਕੇ ਜ਼ਲੀਲ ਕੀਤਾ ਗਿਆ।

ਇਸੇ ਦੌਰਾਨ ਪੀੜਤ ਮਹਿਲਾ, ਜੋ ਕਿ ਆਪਣੀ ਕਿਰਤ ਕਮਾਈ ਨਾਲ ਘਰ ਦਾ ਗੁਜ਼ਾਰਾ ਕਰਦੀ ਹੈ, ਨੇ ਦੱਸਿਆ ਕਿ ਕੁਝ ਸ਼ਰਾਰਤੀ ਅਤੇ ਘਟੀਆ ਸੋਚ ਵਾਲੇ ਵਿਅਕਤੀ ਉਸਨੂੰ ਹਰ ਰੋਜ਼ ਭੱਦੀ ਸ਼ਬਦਾਵਲੀ ਬੋਲ ਕੇ ਤੰਗ ਪਰੇਸ਼ਾਨ ਕਰਦੇ ਹਨ।

ਇਸ ਸਬੰਧੀ ਜਦੋਂ ਉਹ ਨਿਆਂ ਦੀ ਉਮੀਦ ਨਾਲ ਥਾਣੇ ਸ਼ਿਕਾਇਤ ਲੈ ਕੇ ਗਈ ਤਾਂ ਪੁਲਿਸ ਨੇ ਉਸਦੀ ਮਦਦ ਕਰਨ ਦੀ ਬਜਾਏ ਉਸਨੂੰ ਹੀ ਡਰਾ-ਧਮਕਾ ਕੇ ਵਾਪਸ ਭੇਜ ਦਿੱਤਾ।

ਪੀੜਤ ਮਹਿਲਾ ਨੇ ਦੱਸਿਆ ਕਿ ਬੀਤੇ ਦਿਨ ਵੀ ਉਹ ਉਨ੍ਹਾਂ ਵਿਅਕਤੀਆਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਉਣ ਲਈ ਥਾਣੇ ਪਹੁੰਚੀ ਸੀ, ਪਰ ਉੱਥੇ ਵੀ ਉਸ ਨੂੰ ਇਨਸਾਫ਼ ਨਹੀਂ ਮਿਲਿਆ।

## ਐਲ.ਪੀ.ਜੀ. ਸਿਲੰਡਰ, ਡੀਜ਼ਲ ਤੇ ਪੈਟਰੋਲ ਦਾ ਲੋੜੀਂਦਾ ਸਟਾਕ ਮੌਜੂਦ : ਡਿਪਟੀ ਕਮਿਸ਼ਨਰ




**ਜਲੰਧਰ, 15 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਐਲ.ਪੀ.ਜੀ. ਸਿਲੰਡਰਾਂ/ਡੀਜ਼ਲ/ਪੈਟਰੋਲ ਦੀ ਉਪਲਬਧਤਾ ਨੂੰ ਲੈ ਕੇ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਜ਼ਿਲ੍ਹੇ ਕੋਲ ਜਨਤਕ ਮੰਗ ਨੂੰ ਪੂਰਾ ਕਰਨ ਲਈ ਲੋੜੀਂਦਾ ਸਟਾਕ ਮੌਜੂਦ ਹੈ। ਡਾ. ਅਗਰਵਾਲ ਨੇ ਵਸਨੀਕਾਂ ਨੂੰ ਘਬਰਾਹਟ ਵਿੱਚ ਖ਼ਰੀਦਦਾਰੀ ਕਰਨ ਤੋਂ ਬਚਣ ਦੀ ਅਪੀਲ ਕਰਦਿਆਂ ਕਿਹਾ ਕਿ ਸਪਲਾਈ ਚੇਨ ਸੁਚਾਰੂ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਜ਼ਿਲ੍ਹੇ ਵਿੱਚ ਲੋੜੀਂਦਾ ਸਟਾਕ ਮੌਜੂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਐਲ.ਪੀ.ਜੀ., ਡੀਜ਼ਲ ਅਤੇ ਪੈਟਰੋਲ ਦੇ ਸਟਾਕ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਜ਼ਰੂਰੀ ਵਸਤਾਂ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਇਸ ਸਬੰਧੀ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ, ਭਾਰਤ ਪੈਟਰੋਲੀਅਮ ਅਤੇ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ ਦੇ ਅਧਿਕਾਰੀਆਂ ਅਤੇ ਗੈਸ ਏਜੰਸੀ ਤੇ ਪੈਟਰੋਲ ਪੰਪ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕਰਕੇ ਮੌਜੂਦਾ ਸਟਾਕ ਦਾ ਜਾਇਜ਼ਾ ਵੀ ਲਿਆ।

ਉਨ੍ਹਾਂ ਲੋਕਾਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਮਰੱਥ ਅਥਾਰਟੀ ਤੋਂ ਪੁਸ਼ਟੀ ਕੀਤੇ ਬਿਨਾਂ ਕਿੱਲਤ ਬਾਰੇ ਗਲਤ ਜਾਣਕਾਰੀ ਫੈਲਾਉਣ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਖਿਲਾਫ਼ ਸਖ਼ਤ ਕਾਰਵਾਈ ਦੀ ਚਿਤਾਵਨੀ ਦਿੰਦਿਆਂ ਡਾ. ਅਗਰਵਾਲ ਨੇ ਕਿਹਾ ਜੇਕਰ ਕੋਈ ਅਜਿਹਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਜ਼ਰੂਰੀ ਵਸਤਾਂ ਐਕਟ-1955 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਗੈਸ ਏਜੰਸੀ ਤੇ ਪੈਟਰੋਲ ਪੰਪ ਐਸੋਸੀਏਸ਼ਨਾਂ ਨੂੰ ਵੀ ਕਿਹਾ ਕਿ ਜੇਕਰ ਕੋਈ ਅਜਿਹਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਮੀਟਿੰਗ ਦੌਰਾਨ ਗੈਸ ਏਜੰਸੀ ਅਧਿਕਾਰੀਆਂ ਨੇ ਦੱਸਿਆ ਕਿ ਐਲਪੀਜੀ ਸਿਲੰਡਰ ਦੀ ਰੀਫਿਲ ਬੁਕਿੰਗ ਲਈ ਸਮਾਂ 25 ਦਿਨ ਹੁੰਦਾ ਹੈ।

ਮੀਟਿੰਗ ਵਿੱਚ ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਡੀ.ਐਫ.ਐਸ.ਸੀ. ਨਰਿੰਦਰ ਸਿੰਘ ਤੋਂ ਇਲਾਵਾ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ, ਭਾਰਤ ਪੈਟਰੋਲੀਅਮ ਅਤੇ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ ਦੇ ਅਧਿਕਾਰੀ ਅਤੇ ਗੈਸ ਏਜੰਸੀ ਤੇ ਪੈਟਰੋਲ ਪੰਪ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਵੀ ਮੌਜੂਦ ਸਨ।

# ਟਰੰਪ ਦਾ ਕਤਲ ਕਰਨ ਦੀ ਸਾਜ਼ਿਸ਼ ਰਚਣ ਵਾਲਾ ਪਾਕਿ ਨਾਗਰਿਕ ਦੋਸ਼ੀ ਕਰਾਰ



ਵਾਸ਼ਿੰਗਟਨ: ਅਮਰੀਕੀ ਅਦਾਲਤ ਨੇ ਇੱਕ ਪਾਕਿਸਤਾਨੀ ਨਾਗਰਿਕ ਆਸਿਫ਼ ਰਜ਼ਾ ਮਰਚੈਂਟ (48) ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਹੋਰ ਉੱਚ-ਪੱਧਰੀ ਅਮਰੀਕੀ ਆਗੂਆਂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ’ਚ ਦੋਸ਼ੀ ਕਰਾਰ ਦਿੱਤਾ ਹੈ। ਜਾਂਚ ’ਚ ਸਾਹਮਣੇ ਆਇਆ ਹੈ ਕਿ ਦੋਸ਼ੀ ਦਾ ਸਿੱਧਾ ਸਬੰਧ ਈਰਾਨ ਨਾਲ ਸੀ।

\ ਉਸ ਨੂੰ ਜੁਲਾਈ 2024 ’ਚ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਹ ਅਮਰੀਕਾ ਤੋਂ ਇੱਕ ਜਹਾਜ਼ ਰਾਹੀਂ ਫ਼ਰਾਰ ਹੋਣ ਦੀ ਫ਼ਿਰਾਕ ’ਚ ਸੀ। ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਉਸ ਦਾ ਮੁੱਖ ਮਕਸਦ 2020 ’ਚ ਅਮਰੀਕੀ ਡਰੋਨ ਹਮਲੇ ’ਚ ਮਾਰੇ ਗਏ ਈਰਾਨੀ ਕੁਦਸ ਫ਼ੋਰਸ ਦੇ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਦਾ ਬਦਲਾ ਲੈਣਾ ਸੀ। ਦੋਸ਼ੀ ਨਾ ਸਿਰਫ਼ ਰਾਸ਼ਟਰਪਤੀ ਟਰੰਪ ਨੂੰ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ ਸਗੋਂ ਉਸ ਨੇ ਕਈ ਹੋਰ ਪ੍ਰਮੁੱਖ ਅਮਰੀਕੀ ਸਿਆਸਤਦਾਨਾਂ ਨੂੰ ਵੀ ਆਪਣੀ ਹਿੱਟ ਲਿਸਟ ’ਤੇ ਰੱਖਿਆ ਸੀ।

ਇਸ ਕੇਸ ਨੇ ਈਰਾਨ ਅਤੇ ਅਮਰੀਕਾ ਵਿਚਾਲੇ ਪਹਿਲਾਂ ਤੋਂ ਹੀ ਤਨਾਅਪੂਰਣ ਸਬੰਧਾਂ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਇਸ ਨੂੰ ਈਰਾਨੀ ਸੱਤਾ ਵਲੋਂ ਕਰਵਾਏ ਜਾਣ ਵਾਲੇ ਇੱਕ ਟਾਰਗੇਟਿਡ ਅਸੈਸਿਨੇਸ਼ਨ ਪਲੌਟ ਵਜੋਂ ਦੇਖਿਆ ਹੈ। ਇਸ ਘਟਨਾ ਨੇ ਅਮਰੀਕੀ ਰਾਸ਼ਟਰਪਤੀ ਅਤੇ ਉੱਚ-ਅਧਿਕਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਅਦਾਲਤ ’ਚ ਪੇਸ਼ ਕੀਤੇ ਗਏ ਸਬੂਤਾਂ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਨੇ ਅਮਰੀਕਾ ’ਚ ਦਾਖਲ ਹੋਣ ਅਤੇ ਆਪਣੇ ਮਿਸ਼ਨ ਨੂੰ ਅੰਜਾਮ ਦੇਣ ਲਈ ਕਈ ਤਰ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਕੀਤੀਆਂ ਸਨ।

ਇਹ ਫ਼ੈਸਲਾ ਅਜਿਹੇ ਸਮੇਂ ’ਚ ਆਇਆ ਹੈ ਜਦੋਂ ਪੱਛਮੀ ਏਸ਼ੀਆ ’ਚ ਈਰਾਨ ਅਤੇ ਅਮਰੀਕਾ ਵਿਚਾਲੇ ਫ਼ੌਜੀ ਸੰਘਰਸ਼ ਆਪਣੇ ਸਿਖਰ ’ਤੇ ਹੈ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਸਿੱਧੇ ਤੌਰ ’ਤੇ ਰਾਸ਼ਟਰੀ ਸੁਰੱਖਿਆ ’ਤੇ ਹਮਲਾ ਕਰਾਰ ਦਿੱਤਾ ਹੈ ਅਤੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਗੱਲ ਕਹੀ ਹੈ।

# Trump ਦੀਆਂ ਨੀਤੀਆਂ ਕਾਰਨ ਭਾਰਤੀ ਵਿਦਿਆਰਥੀਆਂ ਦੀ ਗਿਣਤੀ 14, 000 ਤੋਂ ਪਹੁੰਚੀ 2, 300 ’ਤੇ

ਨਵੀਂ ਦਿੱਲੀ: ਅਮਰੀਕੀ ਵਿਦੇਸ਼ ਵਿਭਾਗ ਵਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤੀ ਨਾਗਰਿਕਾਂ ਨੂੰ ਜਾਰੀ ਕੀਤੇ ਜਾਣ ਵਾਲੇ ਸਟੂਡੈਂਟ ਵੀਜ਼ਾ (**F-1**) ਦੀ ਗਿਣਤੀ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਘਟ ਰਹੀ ਹੈ, ਪਰ ਪਿਛਲੇ ਦੋ ਸਾਲਾਂ ’ਚ ਇਸ ’ਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ। ਪਿਛਲੇ ਸਾਲ ਅਗਸਤ ਮਹੀਨੇ ਸਿਰਫ਼ 2, 389 ਭਾਰਤੀ ਵਿਦਿਆਰਥੀਆਂ ਨੂੰ ਅਮਰੀਕੀ ਵੀਜ਼ਾ ਜਾਰੀ ਕੀਤਾ ਗਿਆ ਜੋ ਕਿ ਸਾਲ 2023 ’ਚ 12, 800 ਤੇ 2022 ’ਚ14, 700 ਤੋਂ ਵੀ ਵੱਧ ਸੀ।




ਅਗਸਤ ਮਹੀਨੇ ’ਚ ਵੀਜ਼ਾ ਗਿਣਤੀ ’ਚ ਇਹ ਗਿਰਾਵਟ ਇਸ ਗੱਲ ਦਾ ਸੰਕੇਤ ਹੈ ਕਿ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਬਦਲ ਰਿਹਾ ਹੈ। ਸਿੱਖਿਆ ਮਾਹਿਰਾਂ ਅਨੁਸਾਰ ਹੈਦਰਾਬਾਦ, ਅਹਿਮਦਾਬਾਦ ਅਤੇ ਜਲੰਧਰ ਵਰਗੇ ਸ਼ਹਿਰਾਂ ’ਚ ਅਰਜ਼ੀਆਂ ਦੀ ਗਿਣਤੀ ’ਚ ਕਾਫ਼ੀ ਕਮੀ ਆਈ ਹੈ। ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਜਿੱਥੇ ਘਟੀ ਹੈ, ਉੱਥੇ ਹੀ ਚੀਨ ’ਚ ਪਿਛਲੇ ਸਾਲ ਦੀ ਗਿਰਾਵਟ ਤੋਂ ਬਾਅਦ ਥੋੜ੍ਹਾ ਸੁਧਾਰ ਦੇਖਿਆ ਗਿਆ ਹੈ। ਵੀਅਤਨਾਮ ਅਤੇ ਨਾਈਜੀਰੀਆ ਵਰਗੇ ਦੇਸ਼ਾਂ ’ਚ ਵੀ ਵੀਜ਼ਿਆਂ ਦੀ ਗਿਣਤੀ ਘਟੀ ਹੈ।

ਡੌਨਲਡ ਟਰੰਪ ਦੇ ਰਾਸ਼ਟਰਪਤੀ ਕਾਲ ਦੌਰਾਨ ਇਮੀਗ੍ਰੇਸ਼ਨ ਨੀਤੀਆਂ ’ਚ ਹੋਏ ਬਦਲਾਅ ਅਤੇ ਸਖ਼ਤੀ ਨੂੰ ਵੀ ਇਸ ਗਿਰਾਵਟ ਦਾ ਇੱਕ ਕਾਰਨ ਮੰਨਿਆ ਜਾ ਰਿਹਾ ਹੈ। **F-1** ਵੀਜ਼ਾ ਅਮਰੀਕੀ ਯੂਨੀਵਰਸਿਟੀਆਂ ਅਤੇ ਟੈਕਨੌਲੋਜੀ ਕੰਪਨੀਆਂ ਲਈ ਗਲੋਬਲ ਟੈਲੈਂਟ ਨੂੰ ਖਿੱਚਣ ਦਾ ਇੱਕ ਵੱਡਾ ਜ਼ਰੀਆ ਰਿਹਾ ਹੈ। ਵੀਜ਼ਿਆਂ ’ਚ ਇਸ ਗਿਰਾਵਟ ਨਾਲ ਅਮਰੀਕੀ ਸਿੱਖਿਆ ਖੇਤਰ ’ਤੇ ਵੀ ਅਸਰ ਪੈ ਸਕਦਾ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤੀ ਨੌਜਵਾਨ ਹੁਣ ਸ਼ਾਇਦ ਅਮਰੀਕਾ ਤੋਂ ਇਲਾਵਾ ਹੋਰ ਵਿਕਲਪਾਂ ਵਲ ਦੇਖ ਰਹੇ ਹਨ ਜਾਂ ਵੀਜ਼ਾ ਨਿਯਮਾਂ ਦੀ ਸਖ਼ਤੀ ਕਾਰਨ ਅਰਜ਼ੀਆਂ ਘੱਟ ਰਹੇ ਹੁਨ।

# ਕੌਮਾਂਤਰੀ ਪੱਧਰ ’ਤੇ ਪ੍ਰਸਿਧੀ ਖੱਟ ਰਿਹੈ Canada ਦਾ ਨਕਸ਼ਾ ਨਵੀਸ



ਵੈਨਕੂਵਰ: **Canada** ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਨਾਲ ਸਬੰਧਤ ਇੱਕ ਵਿਅਕਤੀ ਆਪਣੀ ਨਕਸ਼ੇ ਬਣਾਉਣ ਦੀ ਕਲਾ ਕਾਰਨ ਕੌਮਾਂਤਰੀ ਪੱਧਰ ’ਤੇ ਮਾਣ ਹਾਸਿਲ ਕਰ ਰਿਹਾ ਹੈ। ਨਕਸ਼ਾ ਨਵੀਸ ਜੈੱਫ਼ ਕਲਾਰਕ ਨੇ ਵੈਨਕੂਵਰ ਟਾਪੂ ਅਤੇ ਸੀ-ਟੂ-ਸਕਾਈ ਖੇਤਰ ਦੇ ਬਹੁਤ ਵਿਸਥਾਰਪੂਰਕ ਨਕਸ਼ੇ ਤਿਆਰ ਕਰ ਕੇ ਕਈ ਅੰਤਰਰਾਸ਼ਟਰੀ ਇਨਾਮ ਆਪਣੇ ਨਾਮ ਕੀਤੇ ਹਨ। ਜੈੱਫ਼ ਕਲਾਰਕ ਦੱਸਦੇ ਹਨ ਕਿ ਉਹ ਇੱਕ ਨਕਸ਼ਾ ਤਿਆਰ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀ ਭੂਗੋਲਕ ਜਾਣਕਾਰੀ ਦੇ ਬਹੁਤ ਹੀ ਬਾਰਿਕ ਵੇਰਵਿਆਂ ’ਤੇ ਸੈਂਕੜਿਆਂ ਘੰਟੇ ਖ਼ਰਚ ਕਰਦੇ ਹਨ। ਉਹ ਕਹਿੰਦੇ ਹਨ ਕਿ ਨਕਸ਼ੇ ਬਣਾਉਣਾ ਉਨ੍ਹਾਂ ਲਈ ਸਿਰਫ਼ ਕੰਮ ਨਹੀਂ ਸਗੋਂ ਇੱਕ ਸ਼ੌਕ ਅਤੇ ਜਜ਼ਬਾ ਹੈ।

ਉਨ੍ਹਾਂ ਵਲੋਂ ਤਿਆਰ ਕੀਤੇ ਨਕਸ਼ਿਆਂ ’ਚ ਖੇਤਰਾਂ ਦੇ ਪਹਾੜ, ਦਰਿਆ, ਸੜਕਾਂ ਅਤੇ ਭੂਗੋਲਕ ਵਿਸ਼ੇਸ਼ਤਾਵਾਂ ਨੂੰ ਬਹੁਤ ਹੀ ਸਹੀ ਅਤੇ ਸੁੰਦਰ ਢੰਗ ਨਾਲ ਦਰਸਾਇਆ ਜਾਂਦਾ ਹੈ। ਇਸ ਕਾਰਨ ਉਨ੍ਹਾਂ ਦੇ ਨਕਸ਼ਿਆਂ ਨੂੰ ਦੁਨੀਆਂ ਭਰ ’ਚ ਕਾਫ਼ੀ ਸਰਾਹਨਾ ਮਿਲ ਰਹੀ ਹੈ। ਕਲਾਰਕ ਦਾ ਕਹਿਣਾ ਹੈ ਕਿ ਉਹ ਭਵਿੱਖ ’ਚ ਬ੍ਰਿਟਿਸ਼ ਕੋਲੰਬੀਆ ਦੇ ਹੋਰ ਖੇਤਰਾਂ ਦੀ ਵੀ ਖੋਜ ਕਰ ਕੇ ਉਨ੍ਹਾਂ ਦੇ ਵਿਸਥਾਰਪੂਰਕ ਨਕਸ਼ੇ ਤਿਆਰ ਕਰਨ ਦੀ ਯੋਜਨਾ ਬਣਾ ਰਹੇ ਹਨ।

# ਮਿਡਲ ਈਸਟ ਜੰਗ ’ਚ ਰੂਸ ਦੀ ਐਂਟਰੀ




ਮੌਸਕੋ: ਮਿਡਲ ਈਸਟ ’ਚ ਚੱਲ ਰਹੀ ਜੰਗ ਨੇ ਉਸ ਸਮੇਂ ਇੱਕ ਨਵਾਂ ਅਤੇ ਖ਼ਤਰਨਾਕ ਮੋੜ ਲੈ ਲਿਆ ਜਦੋਂ ਰੂਸ ਨੇ ਖੁੱਲ੍ਹੇਆਮ ਈਰਾਨ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ। ਰਿਪੋਰਟਾਂ ਅਨੁਸਾਰ ਰੂਸ ਨੇ ਈਰਾਨ ਨੂੰ ਅਮਰੀਕੀ ਫ਼ੌਜੀ ਟਿਕਾਣਿਆਂ ਅਤੇ ਹਥਿਆਰਾਂ ਨਾਲ ਜੁੜੀ ਅਹਿਮ ਖ਼ੁਫ਼ੀਆ ਜਾਣਕਾਰੀ ਸੌਂਪ ਦਿੱਤੀ ਹੈ ਜਿਸ ਨਾਲ ਈਰਾਨ ਖੇਤਰ ’ਚ ਅਮਰੀਕੀ ਜੰਗੀ ਜਹਾਜ਼ਾਂ ਅਤੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਸਕਦਾ ਹੈ। ਰੂਸ ਦੇ ਇਸ ਕਦਮ ਨਾਲ ਮੱਧ ਪੂਰਬ ਦੀ ਜੰਗ ਹੋਰ ਫ਼ੈਲਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਮਾਹਿਰਾਂ ਅਨੁਸਾਰ ਰੂਸ ਵਲੋਂ ਦਿੱਤੀ ਗਈ ਇਸ ਜਾਣਕਾਰੀ ਦੀ ਮਦਦ ਨਾਲ ਈਰਾਨ ਅਮਰੀਕੀ ਫ਼ੌਜ ਨੂੰ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇੱਕ ਹਫ਼ਤਾ ਪਹਿਲਾਂ ਅਮਰੀਕਾ ਅਤੇ ਇਜ਼ਰਾਇਲ ਨੇ ਈਰਾਨ ਵਿਰੁੱਧ ਜੰਗ ਸ਼ੁਰੂ ਕੀਤੀ ਸੀ, ਅਤੇ ਹੁਣ ਮੌਸਕੋ ਨੇ ਪਹਿਲੀ ਵਾਰ ਇਸ ਸੰਘਰਸ਼ ’ਚ ਆਪਣੀ ਸ਼ਮੂਲੀਅਤ ਦਿਖਾਈ ਹੈ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਫ਼ੋਨ ’ਤੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਾਮੇਨੇਈ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਪੂਤਿਨ ਨੇ ਦੁਸ਼ਮਣੀ ਨੂੰ ਤੁਰੰਤ ਖ਼ਤਮ ਕਰਨ ਅਤੇ ਮੁੱਦਿਆਂ ਨੂੰ ਕੂਟਨੀਤਕ ਤਰੀਕੇ ਨਾਲ ਹੱਲ ਕਰਨ ’ਤੇ ਜ਼ੋਰ ਦਿੱਤਾ।

ਰੂਸ ਨੂੰ ਯੂਕਰੇਨ ਵਿਰੁੱਧ ਜੰਗ ਲਈ ਮਿਜ਼ਾਇਲਾਂ ਅਤੇ ਡਰੋਨਾਂ ਦੀ ਸਖ਼ਤ ਲੋੜ ਹੈ ਜਿਸ ਕਾਰਨ ਉਸ ਨੇ ਈਰਾਨ ਨਾਲ ਆਪਣੇ ਸਬੰਧ ਮਜ਼ਬੂਤ ਕੀਤੇ ਹਨ। ਦੂਜੇ ਪਾਸੇ ਸਾਲਾਂ ਤੋਂ ਇਕੱਲੇ ਪਏ ਈਰਾਨ ਲਈ ਰੂਸ ਦਾ ਇਹ ਸਮਰਥਨ ਬਹੁਤ ਵੱਡੀ ਗੱਲ ਮੰਨਿਆ ਜਾ ਰਿਹਾ ਹੈ।

ਰੂਸ ਦੀ ਇਸ ਮਦਦ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਅਮਰੀਕਾ ਨੇ ਕਿਹਾ ਹੈ ਕਿ ਇਸ ਨਾਲ ਉਨ੍ਹਾਂ ਦੇ ਫ਼ੌਜੀ ਅਭਿਆਨਾਂ ’ਤੇ ਕੋਈ ਫ਼ਰਕ ਨਹੀਂ ਪਵੇਗਾ। ਅਮਰੀਕਾ ਦਾ ਕਹਿਣਾ ਹੈ ਕਿ ਉਹ ਈਰਾਨ ਦੀ ਫ਼ੌਜੀ ਤਾਕਤ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਰਿਹਾ ਹੈ, ਅਤੇ ਆਪਣੇ ਮਿਸ਼ਨ ਨੂੰ ਜਾਰੀ ਰੱਖੇਗਾ। ਫ਼ਿਲਹਾਲ ਈਰਾਨ ਨੇ ਇਜ਼ਰਾਇਲ ਸਮੇਤ 12 ਦੇਸ਼ਾਂ ’ਚ ਅਮਰੀਕੀ ਟਿਕਾਣਿਆਂ ’ਤੇ ਮਿਜ਼ਾਇਲ ਹਮਲੇ ਜਾਰੀ ਰੱਖੇ ਹੋਏ ਹਨ।

# 32 ਨਹੀਂ ਸਗੋਂ ਪੂਰੇ ਨੇ 42 ਦੰਦ



ਕੁਆਲਾਲੰਪੁਰ: ਦੁਨੀਆਂ ਦੇ ਜ਼ਿਆਦਾਤਰ ਲੋਕਾਂ ਦੇ ਮੂੰਹ ’ਚ32 ਦੰਦ ਹੁੰਦੇ ਹਨ, ਪਰ ਮਲੇਸ਼ੀਆ ਦੇ ਇੱਕ ਆਦਮੀ ਕੋਲ ਇਸ ਤੋਂ ਕਿਤੇ ਵੱਧ ਦੰਦ ਹਨ। ਇਸੇ ਲਈ ਉਸ ਦੀ ਮੁਸਕਰਾਹਟ ਨੇ ਉਸ ਨੂੰ ਇੱਕ ਵਿਲੱਖਣ ਵਿਸ਼ਵ ਰਿਕਾਰਡ ਦਿਵਾਇਆ ਹੈ। ਪ੍ਰਤਾਬ ਮੁਨਿਆਂਡੀ ਨਾਮਕ ਇਸ ਆਦਮੀ ਦੇ ਕੁੱਲ 42 ਦੰਦ ਹਨ ਜੋ ਕਿ ਇੱਕ ਆਦਮੀ ਦੇ ਮੂੰਹ ’ਚ ਸਭ ਤੋਂ ਵੱਧ ਦੰਦਾਂ ਦਾ ਰਿਕਾਰਡ ਮੰਨਿਆ ਗਿਆ ਹੈ। ਗਿਨੀਜ਼ ਵਰਲਡ ਰਿਕਾਰਡਜ਼ ਨੇ 5 ਮਾਰਚ 2026 ਨੂੰ ਇਸ ਅਨੋਖੇ ਰਿਕਾਰਡ ਦੀ ਜਾਣਕਾਰੀ ਸਾਂਝੀ ਕੀਤੀ ਹੈ। ਪ੍ਰਥਾਬ ਦੇ ਮੂੰਹ ’ਚ ਆਮ ਇਨਸਾਨ ਨਾਲੋਂ 10 ਦੰਦ ਜ਼ਿਆਦਾ ਹਨ। ਸੰਸਥਾ ਨੇ ਪ੍ਰਥਾਬ ਦੀਆਂ ਤਸਵੀਰਾਂ ਦੇ ਨਾਲ-ਨਾਲ ਉਸ ਦੇ ਦੰਦਾਂ ਦੇ ਐਕਸ-ਰੇਅ ਵੀ ਸਾਂਝੇ ਕੀਤੇ ਹਨ ਜਿਸ ’ਚ ਉਸ ਦੇ ਵਾਧੂ ਦੰਦ ਸਾਫ਼ ਨਜ਼ਰ ਆ ਰਹੇ ਹਨ।

ਇਸ ਰਿਕਾਰਡ ਨੂੰ ਅਧਿਕਾਰਤ ਤੌਰ ’ਤੇ ਦਰਜ ਕਰਨ ਤੋਂ ਪਹਿਲਾਂ ਪ੍ਰਥਾਬ ਦੇ ਦਾਅਵੇ ਦੀ ਪੂਰੀ ਜਾਂਚ ਕੀਤੀ ਗਈ। ਦੋ ਦੰਦਾਂ ਦੇ ਮਾਹਿਰਾਂ ਨੇ ਉਸ ਦੇ ਮੂੰਹ ਦੀ ਜਾਂਚ ਕੀਤੀ ਅਤੇ ਜਦੋਂ ਇਹ ਮੈਡੀਕਲ ਤੌਰ ’ਤੇ ਸਾਬਿਤ ਹੋ ਗਿਆ ਕਿ ਉਸ ਦੇ 42 ਦੰਦ ਹਨ ਤਾਂ ਹੀ ਉਸ ਦਾ ਨਾਂ ਵਿਸ਼ਵ ਰਿਕਾਰਡ ’ਚ ਸ਼ਾਮਿਲ ਕੀਤਾ ਗਿਆ।

ਇਹ ਖ਼ਬਰ ਵਾਇਰਲ ਹੁੰਦਿਆਂ ਹੀ ਸੋਸ਼ਲ ਮੀਡੀਆ ’ਤੇ ਲੋਕਾਂ ਨੇ ਦਿਲਚਸਪ ਪ੍ਰਤੀਕਿਰਿਆਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੁਝ ਯੂਜ਼ਰਜ਼ ਮਜ਼ਾਕ ’ਚ ਲਿਖ ਰਹੇ ਹਨ ਕਿ ਪ੍ਰਥਾਬ ਨੂੰ ਹੁਣ ਖ਼ਾਸ ਕਿਸਮ ਦੇ ਟੂਥ ਬਰੱਸ਼ ਦੀ ਲੋੜ ਪਵੇਗੀ ਜਦ ਕਿ ਕਈ ਉਸ ਦੀ ਇਸ ਅਨੋਖੀ ਵਿਸ਼ੇਸ਼ਤਾ ’ਤੇ ਹੈਰਾਨੀ ਜਤਾ ਰਹੇ ਹਨ।

**ਬ੍ਰਿਟਨੀ ਸਪੀਅਰਜ਼ ਸ਼ਰਾਬ ਪੀ ਕੇ ਗੱਡੀ ਚਲਾਉਂਦੀ ਕਾਬੂ**

ਵਾਸ਼ਿੰਗਟਨ: ਵਿਸ਼ਵ ਪ੍ਰਸਿੱਧ ਅਮਰੀਕੀ ਪੌਪ ਸਿੰਗਰ ਬ੍ਰਿਟਨੀ ਸਪੀਅਰਜ਼ ਇੱਕ ਵਾਰ ਫ਼ਿਰ ਮੁਸੀਬਤ ’ਚ ਫ਼ਸ ਗਈ ਹੈ। 44 ਸਾਲਾ ਗਾਇਕਾ ਨੂੰ ਕੈਲੇਫ਼ੋਰਨੀਆ ਦੇ ਵੈਂਚੁਰਾ ’ਚ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਸ਼ੱਕ ’ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਬ੍ਰਿਟਨੀ ਨੂੰ 4 ਮਾਰਚ ਦੀ ਸ਼ਾਮ ਨੂੰ ਹਿਰਾਸਤ ’ਚ ਲਿਆ ਗਿਆ ਸੀ। ਵੈਂਚੁਰਾ ਸ਼ੈਰਿਫ਼ ਦਫ਼ਤਰ ਦੇ ਗ੍ਰਿਫ਼ਤਾਰੀ ਰਿਕਾਰਡ ਮੁਤਾਬਿਕ ਉਸ ਨੂੰ 5 ਮਾਰਚ ਦੀ ਸਵੇਰ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਮਾਮਲੇ ’ਚ ਬ੍ਰਿਟਨੀ ਨੂੰ ਹੁਣ 4 ਮਈ ਨੂੰ ਅਦਾਲਤ ’ਚ ਪੇਸ਼ ਹੋਣ ਲਈ ਕਿਹਾ ਗਿਆ ਹੈ।

ਬ੍ਰਿਟਨੀ ਦੇ ਇੱਕ ਨੁਮਾਇੰਦੇ ਨੇ ਇਸ ਘਟਨਾ ਨੂੰ ਬਦਕਿਸਮਤੀ ਭਰੀ ਅਤੇ ਪੂਰੀ ਤਰ੍ਹਾਂ ਅਸਵੀਕਾਰਨਯੋਗ ਦੱਸਿਆ ਹੈ। ਉਨ੍ਹਾਂ ਕਿਹਾ ਕਿ ਬ੍ਰਿਟਨੀ ਕਾਨੂੰਨ ਦੀ ਪਾਲਣਾ ਕਰੇਗੀ, ਅਤੇ ਉਮੀਦ ਹੈ ਕਿ ਇਹ ਉਸ ਦੀ ਜ਼ਿੰਦਗੀ ’ਚ ਲੋੜੀਂਦੇ ਸੁਧਾਰ ਵਲ ਪਹਿਲਾ ਕਦਮ ਸਾਬਿਤ ਹੋਵੇਗਾ।

ਹੈਰਾਨੀ ਦੀ ਗੱਲ ਇਹ ਹੈ ਕਿ ਆਪਣੀ ਗ੍ਰਿਫ਼ਤਾਰੀ ਦੇ ਸਮੇਂ ਦੇ ਆਸ-ਪਾਸ ਬ੍ਰਿਟਨੀ ਨੇ ਆਪਣਾ ਇੰਸਟਾਗ੍ਰਾਮ ਐਕਾਊਂਟ ਵੀ ਡਿਲੀਟ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬ੍ਰਿਟਨੀ ਪਿਛਲੇ ਕਈ ਸਾਲਾਂ ਤੋਂ ਉਤਰਾਅ-ਚੜ੍ਹਾਅ ਭਰੇ ਦੌਰ ’ਚੋਂ ਗੁਜ਼ਰ ਰਹੀ ਹੈ। ਨਵੰਬਰ 2021 ’ਚ ਉਸ ਦੀ 13 ਸਾਲਾਂ ਦੀ ਕੰਜ਼ਰਵੇਟਰਸ਼ਿਪ (ਸਰਪ੍ਰਸਤੀ) ਖ਼ਤਮ ਹੋਈ ਸੀ, ਅਤੇ ਪਿਛਲੇ ਮਹੀਨੇ ਹੀ ਉਸ ਨੇ ਆਪਣੀ ਮਿਊਜ਼ਿਕ ਕੈਟਾਲੌਗ ਵੇਚਣ ਦੀ ਪੁਸ਼ਟੀ ਕੀਤੀ ਸੀ। ਬ੍ਰਿਟਨੀ ਦੇ ਦੋ ਪੁੱਤਰ ਹਨ, ਸ਼ੌਨ ਪ੍ਰੈਸਟਨ (20) ਅਤੇ ਜੇਡਨ ਜੇਮਜ਼ (19), ਜੋ ਉਸ ਦੇ ਸਾਬਕਾ ਪਤੀ ਕੇਵਿਨ ਫ਼ੈਡਰਲਾਈਨ ਦੇ ਨਾਲ ਰਹਿੰਦੇ ਹਨ।

# ਮਸ਼ਹੂਰ ਫ਼ਿਟਨੈੱਸ ਇੰਫ਼ਲੂਐਂਸਰ ਨੇ ਛੱਡ ਦਿੱਤੀ ਦੁਨੀਆਂ

ਔਟਵਾ: ਫ਼ਿਟਨੈੱਸ ਦੀ ਦੁਨੀਆਂ ਤੋਂ ਇੱਕ ਬਹੁਤ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਮਸ਼ਹੂਰ ਫ਼ਿਟਨੈੱਸ ਇੰਫ਼ਲੂਐਂਸਰ ਅਤੇ ਕੈਂਸਰ ਖੋਜਕਰਤਾ ਡਾ. ਸਟੈਫ਼ਨੀ ਬਟਰਮੋਰ ਦਾ 36 ਸਾਲ ਦੀ ਉਮਰ ’ਚ ਅਚਾਨਕ ਦਿਹਾਂਤ ਹੋ ਗਿਆ ਹੈ। ਸਟੈਫ਼ਨੀ ਦੇ ਮੰਗੇਤਰ ਅਤੇ ਮਸ਼ਹੂਰ ਕੈਨੇਡੀਅਨ ਬੌਡੀ ਬਿਲਡਰ ਜੈੱਫ਼ ਨਿਪਾਰਡ ਨੇ 6 ਮਾਰਚ ਨੂੰ ਸੋਸ਼ਲ ਮੀਡੀਆ ਰਾਹੀਂ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ ਹੈ।ਜੈੱਫ਼ ਦੀ ਟੀਮ ਵਲੋਂ ਇੰਸਟਾਗ੍ਰਾਮ ’ਤੇ ਸਾਂਝੀ ਕੀਤੀ ਗਈ ਇੱਕ ਪੋਸਟ ’ਚ ਲਿਖਿਆ ਗਿਆ, “ਬਹੁਤ ਹੀ ਦੁੱਖੀ ਹਿਰਦੇ ਨਾਲ ਅਸੀਂ ਜੈੱਫ਼ ਦੀ ਮੰਗੇਤਰ ਅਤੇ ਪਿਛਲੇ 10 ਸਾਲਾਂ ਤੋਂ ਉਸ ਦੀ ਸਾਥੀ ਰਹੀ ਸਟੈਫ਼ਨੀ ਦੇ ਅਚਾਨਕ ਦਿਹਾਂਤ ਦੀ ਖ਼ਬਰ ਸਾਂਝੀ ਕਰ ਰਹੇ ਹਾਂ। ਸਟੈਫ਼ਨੀ ਜੈੱਫ਼ ਲਈ ਸਭ ਕੁਝ ਸੀ। ਉਸ ਨੂੰ ਉਸ ਦੀ ਨਿੱਘ, ਹਮਦਰਦੀ ਅਤੇ ਓਵੇਰੀਅਨ ਕੈਂਸਰ ’ਤੇ ਕੀਤੇ ਗਏ ਉਸ ਦੇ **PhD** ਖੋਜ ਕਾਰਜਾਂ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ।”

ਸਟੈਫ਼ਨੀ ਦੀ ਮੌਤ ਕਿਨ੍ਹਾਂ ਹਾਲਾਤ ’ਚ ਹੋਈ, ਇਸ ਬਾਰੇ ਅਜੇ ਤਕ ਕੋਈ ਅਧਿਕਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਪਰਿਵਾਰ ਨੇ ਇਸ ਮੁਸ਼ਕਿਲ ਘੜੀ ’ਚ ਨਿੱਜਤਾ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਸਟੈਫ਼ਨੀ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਤੋਂ ਦੂਰ ਸੀ।

# ਜੰਗ ਵਿਚਾਲੇ ਇਕੱਲਾ ਪੈਣ ਲੱਗਾ US



ਨਿਊ ਯੌਰਕ: ਈਰਾਨ ਨੂੰ ਲੈ ਕੇ ਵੱਧਦੇ ਫ਼ੌਜੀ ਤਨਾਅ ਨੇ ਅਮਰੀਕਾ ਅਤੇ ਯੌਰਪ ਦੇ ਰਿਸ਼ਤਿਆਂ ’ਚ ਨਵੀਂ ਦਰਾਰ ਪੈਦਾ ਕਰ ਦਿੱਤੀ ਹੈ। ਪਿਛਲੇ ਇੱਕ ਸਾਲ ਤੋਂ ਜ਼ਿਆਦਾਤਰ ਯੌਰਪੀ ਨੇਤਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਨਾਰਾਜ਼ ਕਰਨ ਤੋਂ ਬਚਦੇ ਰਹੇ ਪਰ ਈਰਾਨ ਜੰਗ ਨੇ ਅਮਰੀਕਾ-ਯੌਰਪ ਦੇ ਰਿਸ਼ਤਿਆਂ ’ਚ ਕੁੜੱਤਣ ਭਰ ਦਿੱਤੀ ਹੈ। ਈਰਾਨ ਹਮਲੇ ਨੂੰ ਲੈ ਕੇ ਹੁਣ ਯੌਰਪੀਅਨ ਯੂਨੀਅਨ ਦੇ ਦੇਸ਼ ਖੁੱਲ੍ਹ ਕੇ ਬੋਲਣ ਲੱਗੇ ਹਨ। ਬ੍ਰਿਟੇਨ ਅਤੇ ਸਪੇਨ ਨੇ ਅਮਰੀਕੀ ਹਮਲੇ ਨੂੰ ਜਿੱਥੇ ਗ਼ੈਰ-ਕਾਨੂੰਨੀ ਅਤੇ ਨਾ-ਸਮਝੀ ਭਰਿਆ ਦੱਸਿਆ ਹੈ, ਉੱਥੇ ਹੀ ਦੂਜੇ ਪਾਸੇ ਯੌਰਪ ਦੇ ਅੰਦਰ ਮੱਧ-ਪੂਰਬ ’ਚ ਛਿੜੀ ਇਸ ਜੰਗ ਨੂੰ ਲੈ ਕੇ ਵੱਖ-ਵੱਖ ਰਣਨੀਤੀ ਦਿਖਾਈ ਦੇ ਰਹੀ ਹੈ।

ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਸ਼ੇਜ਼ ਨੇ ਅਮਰੀਕੀ ਨੀਤੀ ਦੀ ਸਖ਼ਤ ਆਲੋਚਨਾ ਕਰਦੇ ਹੋਏ ਕਿਹਾ ਕਿ ਦੁਨੀਆਂ ਦੇ ਲੱਖਾਂ ਲੋਕਾਂ ਦੀ ਕਿਸਮਤ ਨਾਲ ਰੂਸ਼ੀਅਨ ਰੂਲੈੱਟ ਨਹੀਂ ਖੇਡਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸੰਘਰਸ਼ ’ਚ ਸ਼ਾਮਿਲ ਸਾਰੀਆਂ ਸ਼ਕਤੀਆਂ ਨੂੰ ਤੁਰੰਤ ਦੁਸ਼ਮਣੀ ਖ਼ਤਮ ਕਰਨੀ ਚਾਹੀਦੀ ਹੈ। ਸਪੇਨ ਨੇ ਅਮਰੀਕਾ ਨੂੰ ਆਪਣੇ ਫ਼ੌਜੀ ਟਿਕਾਣਿਆਂ ਦੀ ਵਰਤੋਂ ਈਰਾਨ ’ਤੇ ਹਮਲੇ ਲਈ ਕਰਨ ਦੀ ਮਨਜ਼ੂਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ ਜਿਸ ਤੋਂ ਬਾਅਦ ਟਰੰਪ ਨੇ ਸਪੇਨ ਨਾਲ ਵਪਾਰ ਰੋਕਣ ਦੀ ਧਮਕੀ ਤਕ ਦੇ ਦਿੱਤੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਾਈਨ ਲੈਵਿਟ ਨੇ ਦਾਅਵਾ ਕੀਤਾ ਕਿ ਸਪੇਨ ਅਮਰੀਕੀ ਫ਼ੌਜ ਨਾਲ ਸਹਿਯੋਗ ਕਰਨ ਲਈ ਸਹਿਮਤ ਹੋ ਗਿਆ ਹੈ। ਹਾਲਾਂਕਿ ਸਪੇਨ ਦੀ ਸਰਕਾਰੀ ਬੁਲਾਰਣ ਅਲੈਗਜ਼ੈਂਡਰਾ ਗਿਲ ਨੇ ਇਸ ਦਾਅਵੇ ਨੂੰ ਇੱਕ ਸ਼ਬਦ ’ਚ ਖ਼ਾਰਿਜ ਕਰਦੇ ਹੋਏ ਝੂਠਾ ਦੱਸਿਆ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੰਸਦ ’ਚ ਸਪੱਸ਼ਟ ਕੀਤਾ ਕਿ ਯੂਨਾਈਟਿਡ ਕਿੰਗਡਮ ਓਦੋਂ ਤਕ ਜੰਗ ’ਚ ਸ਼ਾਮਿਲ ਨਹੀਂ ਹੋਵੇਗਾ ਜਦੋਂ ਤਕ ਉਹ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਾ ਹੋਵੇ, ਅਤੇ ਉਸ ਦੇ ਪਿੱਛੇ ਕੋਈ ਸਪਸ਼ਟ ਤੇ ਵਿਵਹਾਰਕ ਰਣਨੀਤੀ ਨਾ ਹੋਵੇ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਐਂਡਗੇਮ ਦੇ ਸ਼ੁਰੂ ਕੀਤੀ ਗਈ ਇਹ ਫ਼ੌਜੀ ਮੁਹਿੰਮ ਖ਼ਤਰਨਾਕ ਸਾਬਿਤ ਹੋ ਸਕਦੀ ਹੈ, ਅਤੇ ਸਿਰਫ਼ ਹਵਾਈ ਹਮਲਿਆਂ ਨਾਲ ਕਿਸੇ ਦੇਸ਼ ’ਚ ਸੱਤਾ ਪਰਿਵਰਤਨ ਸੰਭਵ ਨਹੀਂ।

ਈਰਾਨ ਸੰਕਟ ਨੂੰ ਲੈ ਕੇ ਦੋਵਾਂ ਨੇਤਾਵਾਂ ਵਿਚਾਲੇ ਬਿਆਨਬਾਜ਼ੀ ਵੀ ਤੇਜ਼ ਹੋ ਗਈ ਹੈ। ਟਰੰਪ ਨੇ ਨਿਰਾਸ਼ਾ ਪ੍ਰਗਟਾਉਂਦੇ ਹੋਏ ਕਿਹਾ ਕਿ ਬ੍ਰਿਟੇਨ ਨੇ ਅਮਰੀਕੀ ਯੋਜਨਾ ਦਾ ਸਮਰਥਨ ਕਰਨ ’ਚ ਦੇਰੀ ਕੀਤੀ, ਅਤੇ ਬ੍ਰਿਟਿਸ਼ ਟਿਕਾਣਿਆਂ ਤੋਂ ਰੱਖਿਆਤਮਕ ਹਮਲਿਆਂ ਦੀ ਮਨਜ਼ੂਰੀ ਦੇਣ ’ਚ ਕਈ ਦਿਨ ਲਗਾ ਦਿੱਤੇ। ਉਨ੍ਹਾਂ ਨੇ ਵਿਅੰਗ ਕਰਦੇ ਹੋਏ ਸਟਾਰਮਰ ਦੀ ਤੁਲਨਾ ਵਿੰਸਟਨ ਚਰਚਿਲ ਨਾਲ ਕਰਦੇ ਹੋਏ ਕਿਹਾ ਕਿ ਸਟਾਰਮਰ ਕੋਈ ਵਿੰਸਟਨ ਚਰਚਿਲ ਨਹੀਂ ਜਿਸ ਨਾਲ ਅਸੀਂ ਨਜਿੱਠ ਰਹੇ ਹਾਂ।

ਈਰਾਨ ਸੰਕਟ ’ਤੇ ਯੌਰਪ ਪੂਰੀ ਤਰ੍ਹਾਂ ਇੱਕਮਤ ਨਹੀਂ। ਜਰਮਨੀ ਵਰਗੇ ਕੁਝ ਦੇਸ਼ਾਂ ਨੇ ਮੁਕਾਬਲਤਨ ਨਰਮ ਰੁਖ਼ ਅਪਨਾਇਆ ਹੋਇਆ ਹੈ। ਜਰਮਨ ਚਾਂਸਲਰ ਫ਼੍ਰੈਡਰਿਕ ਮਰਜ਼ ਨੇ ਅਮਰੀਕਾ ਅਤੇ ਇਜ਼ਰਾਇਲ ਦੇ ਫ਼ੌਜੀ ਹਮਲਿਆਂ ਨੂੰ ਈਰਾਨ ਅਤੇ ਦੁਨੀਆਂ ਲਈ ਇੱਕ ਚੰਗੀ ਖ਼ਬਰ ਦੱਸਿਆ, ਅਤੇ ਸਹਿਯੋਗੀਆਂ ਦੀ ਆਲੋਚਨਾ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਯੌਰਪ ਦੀ ਇਸ ਸਾਵਧਾਨੀ ਦੇ ਪਿੱਛੇ ਸਪੱਸ਼ਟ ਕਾਰਨ ਹਨ। ਰੂਸ ਦੀ ਵੱਧਦੀ ਦੁਸ਼ਮਣੀ ਦੇ ਦਰਮਿਆਨ ਸੁਰੱਖਿਆ ਲਈ ਯੌਰਪ ਕਾਫ਼ੀ ਹੱਦ ਤਕ ਅਮਰੀਕਾ ’ਤੇ ਨਿਰਭਰ ਹੈ। ਊਰਜਾ ਸਪਲਾਈ ਅਤੇ ਬਰਾਮਦ ਬਾਜ਼ਾਰ ਦੇ ਲਿਹਾਜ਼ ਨਾਲ ਵੀ ਅਮਰੀਕਾ ਯੌਰਪੀ ਅਰਥ-ਵਿਵਸਥਾਵਾਂ ਲਈ ਬੇਹੱਦ ਅਹਿਮ ਬਣਿਆ ਹੋਇਆ ਹੈ।

ਫ਼ਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕ੍ਰੋਂ ਨੇ ਕਿਹਾ ਕਿ ਅਮਰੀਕੀ ਹਮਲਾ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਹੀਂ ਹੈ, ਪਰ ਉਨ੍ਹਾਂ ਨੇ ਅਮਰੀਕਾ ਦੀ ਖੁੱਲ੍ਹੀ ਨਿੰਦਾ ਕਰਨ ਤੋਂ ਪ੍ਰਹੇਜ਼ ਕੀਤਾ। ਇਸ ਦੇ ਉਲਟ ਆਇਰਲੈਂਡ ਅਤੇ ਨੌਰਵੇ ਵਰਗੇ ਦੇਸ਼ਾਂ ਨੇ ਜ਼ਿਆਦਾ ਵਿਰੋਧ ਦਰਜ ਕਰਾਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਯੌਰਪ ਦੀ ਕੋਸ਼ਿਸ਼ ਹੋਵੇਗੀ ਕਿ ਅਮਰੀਕਾ ਨੂੰ ਇਸ ਸੰਘਰਸ਼ ਨੂੰ ਜਲਦੀ ਸਮਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਜੇਕਰ ਜੰਗ ਲੰਬੀ ਖਿੱਚਦੀ ਹੈ ਤਾਂ ਊਰਜਾ ਕੀਮਤਾਂ ’ਚ ਵਾਧਾ, ਅਤਿਵਾਦ ਅਤੇ ਮੱਧ-ਪੂਰਬ ਤੋਂ ਹਿਜ਼ਰਤ ਦੀ ਨਵੀਂ ਲਹਿਰ ਯੌਰਪ ਦੀਆਂ ਅਰਥ-ਵਿਵਸਥਾਵਾਂ ’ਤੇ ਗੰਭੀਰ ਦਬਾਅ ਪਾ ਸਕਦੀ ਹੈ। ਬ੍ਰਿਟੇਨ ’ਚ ਵੀ ਘਰੇਲੂ ਰਾਜਨੀਤੀ ਇਸ ਰੁਖ਼ ਨੂੰ ਪ੍ਰਭਾਵਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਸਟਾਰਮਰ ’ਤੇ ਉਨ੍ਹਾਂ ਦੀ ਲੇਬਰ ਪਾਰਟੀ ਦੇ ਖੱਬੇ-ਪੱਖੀ ਧੜੇ ਦਾ ਦਬਾਅ ਹੈ ਜੋ ਜੰਗ ਦੇ ਖ਼ਿਲਾਫ਼ ਹੈ। ਜਨਮਤ ਸਰਵੇਖਣਾਂ ’ਚ ਵੀ ਈਰਾਨ ’ਤੇ ਹਮਲੇ ਨੂੰ ਲੈ ਕੇ ਜਨਤਾ ’ਚ ਉਤਸ਼ਾਹ ਘੱਟ ਦਿਖਾਈ ਦੇ ਰਿਹਾ ਹੈ। 2003 ਦੇ ਇਰਾਕ ਜੰਗ ਦੀਆਂ ਯਾਦਾਂ ਵੀ ਬ੍ਰਿਟਿਸ਼ ਰਾਜਨੀਤੀ ’ਚ ਅਜੇ ਤਕ ਤਾਜ਼ਾ ਹਨ। ਉਸ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਅਮਰੀਕਾ ਨਾਲ ਮਿਲ ਕੇ ਇਰਾਕ ’ਤੇ ਹਮਲਾ ਕੀਤਾ ਸੀ, ਅਤੇ ਹਜ਼ਾਰਾਂ ਬ੍ਰਿਟਿਸ਼ ਫ਼ੌਜੀਆਂ ਨੂੰ ਜੰਗ ’ਚ ਭੇਜਿਆ ਸੀ। ਇਹ ਫ਼ੈਸਲਾ ਬਾਅਦ ’ਚ ਉਨ੍ਹਾਂ ਦੀ ਰਾਜਨੀਤਿਕ ਵਿਰਾਸਤ ’ਤੇ ਵੱਡਾ ਧੱਬਾ ਮੰਨਿਆ ਗਿਆ।

ਈਰਾਨ ਸੰਕਟ ਤੋਂ ਬਾਅਦ ਹੁਣ ਅਮਰੀਕਾ ਅਤੇ ਬ੍ਰਿਟੇਨ ਵਿਚਕਾਰ ਲੰਬੇ ਸਮੇਂ ਤੋਂ ਚਲੇ ਆ ਰਹੇ ਵਿਸ਼ੇਸ਼ ਸਬੰਧਾਂ ’ਤੇ ਵੀ ਬਹਿਸ ਤੇਜ਼ ਹੋ ਗਈ ਹੈ। ਹਾਲਾਂਕਿ ਸਟਾਰਮਰ ਦਾ ਕਹਿਣਾ ਹੈ ਕਿ ਇਹ ਰਿਸ਼ਤਾ ਕਿਸੇ ਇੱਕ ਨੇਤਾ ਦੇ ਬਿਆਨ ਨਾਲ ਨਹੀਂ ਸਗੋਂ ਦੋਵਾਂ ਦੇਸ਼ਾਂ ਵਿਚਕਾਰ ਫ਼ੌਜੀ ਸਹਿਯੋਗ ਅਤੇ ਖ਼ੁਫ਼ੀਆ ਸਾਂਝੇਦਾਰੀ ਨਾਲ ਤੈਅ ਹੁੰਦਾ ਹੈ। ਵਿਸ਼ਲੇਸ਼ਕਾਂ ਅਨੁਸਾਰ ਈਰਾਨ ਸੰਘਰਸ਼ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਟਰੰਪ ਦੇ ਦੌਰ ’ਚ ਐਟਲਾਂਟਿਕ ਗੱਠਜੋੜ ਦੇ ਅੰਦਰ ਮਤਭੇਦ ਪਹਿਲਾਂ ਨਾਲੋਂ ਕਿਤੇ ਵੱਧ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ।

**ਪਹਿਲਾਂ ਵੀ ਟਰੰਪ ਨੂੰ ਨਾਰਾਜ਼ ਕਰਨ ਤੋਂ ਬਚਦਾ ਰਿਹਾ ਯੌਰਪ:** ਟਰੰਪ ਦੇ ਦੂਜੇ ਕਾਰਜ ਕਾਲ ਦੀ ਸ਼ੁਰੂਆਤ ਤੋਂ ਹੀ ਯੌਰਪ ਦੇ ਜ਼ਿਆਦਾਤਰ ਦੇਸ਼ ਉਨ੍ਹਾਂ ਨੂੰ ਨਾਰਾਜ਼ ਨਾ ਕਰਨ ਦੀ ਰਣਨੀਤੀ ਅਪਣਾਏ ਹੋਏ ਸਨ। ਜਦੋਂ ਅਮਰੀਕਾ ਨੇ ਯੂਕ੍ਰੇਨ ਲਈ ਫ਼ੌਜੀ ਅਤੇ ਵਿੱਤੀ ਸਹਾਇਤਾ ਰੋਕ ਦਿੱਤੀ, ਓਦੋਂ ਵੀ ਯੌਰਪੀ ਨੇਤਾਵਾਂ ਨੇ ਖੁੱਲ੍ਹ ਕੇ ਵਿਰੋਧ ਨਹੀਂ ਕੀਤਾ। ਇਸੇ ਤਰ੍ਹਾਂ ਟਰੰਪ ਵਲੋਂ ਲਗਾਏ ਗਏ ਇੱਕ-ਪਾਸੜ ਟੈਰਿਫ਼ਾਂ ਦੇ ਬਾਵਜੂਦ ਯੌਰਪ ਨੇ ਜਵਾਬੀ ਕਾਰਵਾਈ ਤੋਂ ਪ੍ਰਹੇਜ਼ ਕੀਤਾ।

# ਅੰਮ੍ਰਿਤਸਰ ਦੀ ਹੋਟਲ ਇੰਡਸਟਰੀ ਹੋ ਸਕਦੀ ਠੱਪ ! ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਹੋਈ ਬੰਦ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 15 ਮਾਰਚ। ਮਿਡਲ ਈਸਟ ਵਿਚ ਈਰਾਨ, ਅਮਰੀਕਾ ਅਤੇ ਇਜ਼ਰਾਈਲ ਦਰਮਿਆਨ ਚੱਲ ਰਹੇ ਟਕਰਾਅ ਦਾ ਅਸਰ ਹੁਣ ਅੰਮ੍ਰਿਤਸਰ ਤੱਕ ਵੀ ਦਿਖਾਈ ਦੇਣ ਲੱਗਾ ਹੈ। ਇਸ ਸਥਿਤੀ ਨੇ ਸ਼ਹਿਰ ਦੀ ਹੋਟਲ ਇੰਡਸਟਰੀ ਲਈ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਵੱਡੇ ਹੋਟਲਾਂ ਤੋਂ ਲੈ ਕੇ ਛੋਟੇ ਹੋਟਲਾਂ ਅਤੇ ਢਾਬਿਆਂ ਤੱਕ ਵਰਤੇ ਜਾਣ ਵਾਲੇ ਕਮਰਸ਼ੀਅਲ ਐੱਲ. ਪੀ. ਜੀ. ਸਿਲੰਡਰਾਂ ਦੀ ਸਪਲਾਈ ਵਿਚ ਕਰੀਬ 90 ਫ਼ੀਸਦੀ ਤੱਕ ਕਟੌਤੀ ਕਰ ਦਿੱਤੀ ਗਈ ਹੈ। ਇਕ ਗੈਸ ਏਜੰਸੀ ਮਾਲਕ ਅਨੁਸਾਰ ਕਈ ਥਾਵਾਂ ’ਤੇ ਹੋਟਲਾਂ ਅਤੇ ਢਾਬਿਆਂ ਲਈ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਲਗਭਗ ਪੂਰੀ ਤਰ੍ਹਾਂ ਬੰਦ ਹੋ ਚੁੱਕੀ ਹੈ, ਜਿਸ ਕਾਰਨ ਹੋਟਲ ਕਾਰੋਬਾਰ ਨਾਲ ਜੁੜੇ ਲੋਕਾਂ ਵਿਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਦਿ ਅੰਮ੍ਰਿਤਸਰ ਹੋਟਲ ਐਂਡ ਰੈਸਟੋਰੈਂਟ ਐਸੋਸੀਏਸ਼ਨ ਸਿਵਲ ਲਾਈਨਜ਼ ਦੇ ਪ੍ਰਧਾਨ ਏ. ਪੀ. ਐੱਸ. ਚੱਠਾ ਨੇ ਦੱਸਿਆ ਕਿ ਜਿਸ ਹੋਟਲ ਨੂੰ ਆਮ ਤੌਰ ’ਤੇ 50 ਕਮਰਸ਼ੀਅਲ ਸਿਲੰਡਰਾਂ ਦੀ ਲੋੜ ਹੁੰਦੀ ਹੈ, ਉਸ ਨੂੰ ਇਸ ਵੇਲੇ ਸਿਰਫ਼ ਦੋ ਸਿਲੰਡਰ ਹੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹੀ ਹਾਲਾਤ ਰਹੇ ਤਾਂ ਆਉਣ ਵਾਲੇ ਦਿਨਾਂ ਵਿਚ ਹੋਟਲ ਇੰਡਸਟਰੀ ਅਸਥਾਈ ਤੌਰ ’ਤੇ ਪੂਰੀ ਤਰ੍ਹਾਂ ਠੱਪ ਹੋ ਸਕਦੀ ਹੈ। ਚੱਠਾ ਨੇ ਕਿਹਾ ਕਿ ਕੋਵਿਡ ਦੇ ਸਮੇਂ ਵੀ ਹੋਟਲਾਂ ਵਿਚ ਗਾਹਕ ਜਾਂ ਯਾਤਰੀ ਕਵਾਰੰਟੀਨ ਹੋਣ ਲਈ ਆ ਜਾਂਦੇ ਸਨ, ਪਰ ਜੇਕਰ ਕਿਚਨ ਹੀ ਨਹੀਂ ਚੱਲੇਗਾ ਤਾਂ ਕਿਸੇ ਵੀ ਹੋਟਲ ਜਾਂ ਢਾਬੇ ਵਿਚ ਨਾ ਗਾਹਕ ਆਏਗਾ ਅਤੇ ਨਾ ਹੀ ਬਾਹਰੋਂ ਆਉਣ ਵਾਲਾ ਟੂਰਿਸਟ ਠਹਿਰਣਾ ਪਸੰਦ ਕਰੇਗਾ। ਉਨ੍ਹਾਂ ਨੇ ਕਿਹਾ ਕਿ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਘਾਟ ਨਾਲ ਹੋਟਲ ਕਾਰੋਬਾਰ ਨਾਲ ਜੁੜੇ ਹਜ਼ਾਰਾਂ ਲੋਕਾਂ ਦੀ ਰੋਜ਼ੀ-ਰੋਟੀ ’ਤੇ ਵੀ ਅਸਰ ਪੈ ਸਕਦਾ ਹੈ। ਮਿਡਲ ਈਸਟ ਵਿਚ ਚੱਲ ਰਹੀ ਜੰਗ ਦੇ ਮੱਦੇਨਜ਼ਰ ਕਈ ਕਿਸਮ ਦੀਆਂ ਅਫਵਾਹਾਂ ਫੈਲ ਰਹੀਆਂ ਹਨ, ਜਿਸ ਕਾਰਨ ਲੋਕ ਵੱਡੀ ਗਿਣਤੀ ਵਿਚ ਘਰੇਲੂ ਗੈਸ ਸਿਲੰਡਰਾਂ ਦੀ ਬੁਕਿੰਗ ਕਰਵਾ ਰਹੇ ਹਨ। ਇਨ੍ਹਾਂ ਤੋਂ ਇਲਾਵਾ ਪੈਟਰੋਲ ਅਤੇ ਡੀਜ਼ਲ ਦੀ ਕਾਲਾਬਾਜ਼ਾਰੀ ਹੋਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਚ ਸਮੂਹ ਗੈਸ ਏਜੰਸੀ ਮਾਲਕਾਂ, ਪੈਟਰੋਲ ਪੰਪ ਮਾਲਕਾਂ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਹੋਰ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਹਾਲਾਤ ਦੀ ਸਮੀਖਿਆ ਕੀਤੀ। ਮੀਟਿੰਗ ਦੌਰਾਨ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਡੀ. ਸੀ. ਨੇ ਕਿਹਾ ਕਿ ਆਮ ਲੋਕਾਂ ਨੂੰ ਐੱਲ. ਪੀ. ਜੀ. ਸਿਲੰਡਰ ਦੀ ਸਪਲਾਈ ਵਿਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਐੱਲ. ਪੀ. ਜੀ., ਪੈਟਰੋਲ ਅਤੇ ਡੀਜ਼ਲ ਦੀ ਕਿਸੇ ਵੀ ਕਿਸਮ ਦੀ ਕਮੀ ਨਹੀਂ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ। ਡੀ. ਸੀ. ਦਲਵਿੰਦਰਜੀਤ ਸਿੰਘ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਕਾਲਾਬਾਜ਼ਾਰੀ ਜਾਂ ਜਮ?ਾਖੋਰੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡੀ. ਸੀ. ਨੇ ਦੱਸਿਆ ਕਿ ਜ਼ਿਲੇ ਵਿਚ ਕੁੱਲ 67 ਗੈਸ ਏਜੰਸੀਆਂ ਅਤੇ 303 ਪੈਟਰੋਲ ਪੰਪ ਹਨ ਅਤੇ ਇਨ੍ਹਾਂ ਵਿਚੋਂ ਕਿਸੇ ਵੀ ਗੈਸ ਏਜੰਸੀ ਜਾਂ ਪੈਟਰੋਲ ਪੰਪ ’ਤੇ ਐੱਲ. ਪੀ. ਜੀ., ਪੈਟਰੋਲ ਜਾਂ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਮਰਸ਼ੀਅਲ ਗੈਸ ਦੀ ਸਪਲਾਈ ਵਿਚ ਜ਼ਰੂਰ ਕੁਝ ਘਾਟ ਆਈ ਹੈ ਪਰ ਇਸ ਸਮੱਸਿਆ ਨੂੰ ਵੀ ਜਲਦ ਹੀ ਦੂਰ ਕਰ ਲਿਆ ਜਾਵੇਗਾ। ਡੀ. ਸੀ. ਨੇ ਗੈਸ ਏਜੰਸੀ ਮਾਲਕਾਂ ਅਤੇ ਪੈਟਰੋਲ ਪੰਪ ਮਾਲਕਾਂ ਨੂੰ ਹਦਾਇਤ ਕੀਤੀ ਕਿ ਜੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਜ਼ਿਲਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਈ ਜਾਵੇ, ਤਾਂ ਜੋ ਸਰਕਾਰ ਵੱਲੋਂ ਉਸ ਦਾ ਤੁਰੰਤ ਹੱਲ ਕੀਤਾ ਜਾ ਸਕੇ। ਇਸ ਮੌਕੇ ਡੀ. ਐੱਫ਼. ਐੱਸ. ਸੀ. ਹਰਵਿੰਦਰ ਕੌਰ, ਆਈ. ਓ. ਸੀ. ਦੇ ਮੈਨੇਜਰ ਯਸ਼ ਪਾਠਕ ਸਮੇਤ ਸਮੂਹ ਗੈਸ ਏਜੰਸੀ ਮਾਲਕ ਵੀ ਮੌਜੂਦ ਸਨ। ਸਾਲ 2025 ਵਿਚ ਜਦੋਂ ਹੋਟਲ ਅਤੇ ਰੈਸਟੋਰੈਂਟ ਇੰਡਸਟਰੀ ਦਾ ਸੀਜ਼ਨ ਚਰਮ ’ਤੇ ਸੀ ਤਾਂ ਆਪ੍ਰੇਸ਼ਨ ਸਿੰਧੂਰ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਹੋਟਲ ਇੰਡਸਟਰੀ ਨੂੰ ਭਾਰੀ ਨੁਕਸਾਨ ਝੱਲਣਾ ਪਿਆ। ਹੁਣ ਮੁੜ ਸੀਜ਼ਨ ਸ਼ੁਰੂ ਹੋਣ ਵਾਲਾ ਹੈ ਜੋ ਆਮ ਤੌਰ ’ਤੇ ਜੂਨ ਮਹੀਨੇ ਤੱਕ ਚਲਦਾ ਹੈ ਪਰ ਮਿਡਲ ਈਸਟ ਵਿਚ ਚੱਲ ਰਹੀ ਜੰਗ ਲੰਬੀ ਖਿੱਚਣ ਅਤੇ ਹੋਟਲਾਂ ਨੂੰ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਵਿਚ ਕੀਤੀ ਗਈ ਕਟੌਤੀ ਕਾਰਨ ਆਉਣ ਵਾਲੇ ਸੀਜ਼ਨ ’ਤੇ ਵੀ ਮਾੜਾ ਅਸਰ ਪੈ ਸਕਦਾ ਹੈ। ਹੋਟਲ ਕਾਰੋਬਾਰ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਕੋਈ ਵੀ ਵੱਡਾ ਜਾਂ ਛੋਟਾ ਹੋਟਲ ਅਤੇ ਰੈਸਟੋਰੈਂਟ ਕਮਰਸ਼ੀਅਲ ਸਿਲੰਡਰਾਂ ਤੋਂ ਬਿਨਾਂ ਆਪਣੀ ਰਸੋਈ ਨਹੀਂ ਚਲਾ ਸਕਦਾ। ਜੇਕਰ ਰਸੋਈ ਹੀ ਬੰਦ ਰਹੇਗੀ ਤਾਂ ਕਿਸੇ ਵੀ ਟੂਰਿਸਟ ਦੇ ਹੋਟਲ ਜਾਂ ਰੈਸਟੋਰੈਂਟ ਵਿਚ ਆਉਣ ਦੀ ਸੰਭਾਵਨਾ ਘੱਟ ਰਹੇਗੀ, ਜਿਸ ਨਾਲ ਪੂਰੀ ਇੰਡਸਟਰੀ ਨੂੰ ਨੁਕਸਾਨ ਹੋ ਸਕਦਾ ਹੈ। ਸਰਹੱਦੀ ਜ਼ਿਲਾ ਅੰਮ੍ਰਿਤਸਰ ਦੀ ਅਰਥਵਿਵਸਥਾ ਪਹਿਲਾਂ ਆਈਸੀਪੀ ਅਟਾਰੀ ਰਾਹੀਂ ਭਾਰਤ-ਪਾਕਿਸਤਾਨ ਦਰਮਿਆਨ ਹੋਣ ਵਾਲੇ ਆਯਾਤ-ਨਿਰਯਾਤ ’ਤੇ ਵੀ ਕਾਫੀ ਹੱਦ ਤੱਕ ਨਿਰਭਰ ਰਹਿੰਦੀ ਸੀ ਪਰ ਇਹ ਕਾਰੋਬਾਰ ਬੰਦ ਹੋਣ ਤੋਂ ਬਾਅਦ ਹੁਣ ਸ਼ਹਿਰ ਦੀ ਅਰਥ-ਵਿਵਸਥਾ ਵੱਡੇ ਪੱਧਰ ’ਤੇ ਹੋਟਲ ਇੰਡਸਟਰੀ ਤੇ ਨਿਰਭਰ ਰਹਿ ਗਈ ਹੈ।




## ਤੇਜ਼ ਰਫ਼ਤਾਰ ਮਿੱਟੀ ਦੀ ਟਰਾਲੀ ਦੀ ਚਪੇਟ ’ਚ ਆਉਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ, ਇਕ ਜ਼ਖ਼ਮੀ

ਗੜ੍ਹਸ਼ੰਕਰ 15 ਮਾਰਚ। ਗੜ੍ਹਸ਼ੰਕਰ-ਹੁਸ਼ਿਆਰਪੁਰ ਰੋਡ ’ਤੇ ਪੈਂਦੇ ਬਾਜ਼ਾਰ ’ਚ ਸ਼ਹਿਰ ਗੜ੍ਹਸ਼ੰਕਰ ’ਚ ਦੁਪਹਿਰ ਕਰੀਬ 2 ਵਜੇ ਉਸ ਵੇਲੇ ਡੂੰਘੇ ਦੁੱਖ ਅਤੇ ਘਬਰਾਹਟ ਦਾ ਮਾਹੌਲ ਬਣ ਗਿਆ ਜਦੋਂ ਤੇਜ਼ ਰਫ਼ਤਾਰ ਮਿੱਟੀ ਨਾਲ ਲੱਦੀ ਟਰੈਕਟਰ-ਟਰਾਲੀ ਅਤੇ ਟਰਾਲੇ ਦੀ ਚਪੇਟ ਵਿਚ ਆਉਣ ਨਾਲ ਇਕ ਮੋਟਰਸਾਈਕਲ ਸਵਾਰ ਲੜਕੇ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਦੂਜਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮੌਕੇ ਉਤੇ ਮੌਜੂਦ ਲੋਕਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗੜ੍ਹਸ਼ੰਕਰ-ਹੁਸ਼ਿਆਰਰੁਰ ਰੋਡ ’ਤੇ ਸ਼ਹਿਰ ਦੇ ਗੰਦੇ ਨਾਲੇ ਕੋਲ ਤੇਜ਼ ਰਫ਼ਤਾਰ ਨਾਲ ਮਿੱਟੀ ਦੀ ਲੱਦੀ ਟਰਾਲੀ ਬੰਗਾ ਰੋਡ ਵੱਲ ਜਾ ਰਹੀ ਸੀ ਅਤੇ ਟਰਾਲਾ ਹੁਸ਼ਿਆਰਪੁਰ ਰੋਡ ਵੱਲ ਜਾ ਰਿਹਾ ਸੀ। ਇਸ ਦੌਰਾਨ ਟਰੈਕਟਰ-ਟਰਾਲੀ ਦੀ ਚਪੇਟ ਵਿਚ ਮੋਟਰਸਾਈਕਲ ਸਵਾਰ ਦੋ ਨੌਜਵਾਨ ਆ ਗਏ, ਜਿਨ੍ਹਾਂ ਵਿਚੋਂ ਇਕ ਦੀ ਪਛਾਣ ਚਰਨਪ੍ਰੀਤ ਸਿੰਘ (24) ਵਾਸੀ ਸ਼ੇਰਗੜ੍ਹ ਬਾਰਾ ਥਾਣਾ ਬੱਸੀ ਪਠਾਣਾ ਵਜੋਂ ਹੋਈ ਹੈ ਅਤੇ ਦੂਜਾ ਲੜਕਾ ਜੋ ਗੰਭੀਰ ਤਰੀਕੇ ਨਾਲ ਜ਼ਖ਼ਮੀ ਹੋਇਆ, ਉਸ ਦੀ ਪਛਾਣ ਸਨਮਦੀਪ ਵਾਸੀ ਫਤਿਹਗੜ੍ਹ ਸਾਹਿਬ ਵਜੋਂ ਹੋਈ ਹੈ। ਮੌਕੇ ਉਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਟਰੈਕਟਰ-ਟਰਾਲੀ ਦੀ ਚਪੇਟ ਵਿਚ ਮੋਟਰਸਾਈਕਲ ਆ ਗਿਆ ਅਤੇ ਉਸ ਨੂੰ ਘੜੀਸਦੇ ਹੋਏ ਟਰੈਕਟਰ ਚੱਲਣ ਨਾਲ ਬਾਈਕ ਸਵਾਰਾਂ ਦਾ ਬੁਰੀ ਤਰ੍ਹਾਂ ਨੁਕਸਾਨ ਹੋਇਆ। ਇਸ ਮੌਕੇ ਭਾਜਪਾ ਦੀ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਪਹੁੰਚ ਕੇ ਪੁਲਸ ਪ੍ਰਸ਼ਾਸਨ, ਮਾਈਨਿੰਗ ਵਿਭਾਗ ਅਤੇ ਰੋੜੀ ਮਾਈਨਿੰਗ ਗਰੁੱਪ ਨੂੰ ਆੜੇ ਹੱਥੀਂ ਲੈਂਦੇ ਕਿਹਾ ਕਿ 7 ਦਿਨਾਂ ਵਿਚ ਮਾਈਨਿੰਗ ਵਾਲੀ ਗੱਡੀ ਹੇਠਾਂ ਆ ਕੇ ਇਹ ਤੀਜੀ ਮੌਤ ਹੋਈ ਹੈ ਅਤੇ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿਚ ਆਈ ਹੈ, ਉਸ ਦਿਨ ਤੋਂ ਹਲਕਾ ਗੜ੍ਹਸ਼ੰਕਰ ’ਚ ਮਾਈਨਿੰਗ ਦੇ ਮਾਲ ਨਾਲ ਲੱਦੇ ਟਿੱਪਰ ਅਤੇ ਟਰਾਲੀਆਂ ਨੇ ਸੜਕਾਂ ’ਤੇ ਭਿਆਨਕ ਆਤੰਕ ਚੁੱਕਿਆ ਹੋਇਆ ਹੈ। ਜਿਸ ਕਾਰਨ ਹੁਣ ਤੱਕ ਸਵਾ ਚਾਰ ਸਾਲਾਂ ਵਿਚ 23 ਮੌਤਾਂ ਹੋ ਚੁੱਕੀਆਂ ਹਨ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਰੋੜੀ ਗਰੁੱਪ ਦੀਆਂ ਮਿੱਟੀ ਨਾਲ ਲੱਦੀਆਂ ਬਿਨ੍ਹਾਂ ਨੰਬਰ ਪਲੇਟ ਟਰਾਲੀਆਂ ਰੋਜ਼ਾਨਾ ਗੜ੍ਹਸ਼ੰਕਰ ਥਾਣੇ ਅਤੇ ਡੀ. ਐੱਸ. ਪੀ. ਦਫ਼ਤਰ ਅੱਗੋ ਲੰਘਦੀਆਂ ਹਨ। ਅਨੇਕਾਂ ਵਾਰ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਰਾਹੀਂ ਨਿਮਿਸ਼ਾ ਮਹਿਤਾ ਇਸ ਮਸਲੇ ਨੂੰ ਪੁਲਸ ਪ੍ਰਸ਼ਾਸਨ ਮਾਈਨਿੰਗ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਰੱਖ ਚੁੱਕੇ ਹਨ ਪਰ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਇਸ ਦੇ ਬਾਵਜੂਦ ਇਨ੍ਹਾਂ ਵਿਭਾਗਾਂ ਦਾ ਚੁੱਪੀ ਤਾਰਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਸਭ ਮਿਲੀਭੁਗਤ ਨਾਲ ਚੱਲ ਰਿਹਾ ਹੈ। ਉਨ੍ਹਾਂ ਰੋੜੀ ਗਰੁੱਪ ਦੇ ਮਾਲਕ ਨੂੰ ਜਨਤਾ ਸਾਹਮਣੇ ਦਬਕੇ ਮਾਰੇ ਅਤੇ ਕਿਹਾ ਕਿ ਉਹ ਉਸ ’ਤੇ ਪਰਚੇ ਦੀ ਮੰਗ ਕਰਨਗੇ ਕਿਉਂਕਿ ਉਸ ਦੇ ਟਰੈਕਟਰ ਦਿਨ ਰਾਤ ਅੰਨ੍ਹੇਵਾਹ ਤੇਜ਼ ਰਫ਼ਤਾਰ ਗੜ੍ਹਸ਼ੰਕਰ ਦੀਆਂ ਸੜਕਾਂ ’ਤੇ ਆਤੰਕ ਪਾ ਰਹੇ ਹਨ। ਟਰੈਕਟਰਾਂ ’ਤੇ ਨਾ ਹੀ ਨੰਬਰ ਪਲੇਟ ਅਤੇ ਨਾ ਹੀ ਚਾਲਕਾਂ ਕੋਲ ਡਰਾਈਵਿੰਗ ਲਾਇਸੈਂਸ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਵਿਧਾਇਕ ਰੋੜੀ ਇਸ ਮਸਲੇ ’ਤੇ ਕਿਉਂ ਚੁੱਪੀ ਤਾਰੀ ਬੈਠੇ ਹਨ ਅਤੇ ਗੜ੍ਹਸ਼ੰਕਰ ਦੀ ਜਨਤਾ ਇਸ ਨੂੰ ਚੰਗੀ ਤਰ੍ਹਾਂ ਸਮਝਦੀ ਹੈ।

## ਫਰਵਰੀ ’ਚ ਅਪ੍ਰੈਲ ਵਰਗਾ ਤਾਪਮਾਨ ! ਕੀ ਮਾਰਚ ’ਚ ਅਸਮਾਨੋਂ ਵਰ੍ਹੇਗੀ ਅੱਗ?

ਨੈਸ਼ਨਲ ਡੈਸਕ 15 ਮਾਰਚ। ਅਜੇ ਬਸੰਤ ਰੁੱਤ ਦੀ ਵਿਦਾਇਗੀ ਪੂਰੀ ਤਰ੍ਹਾਂ ਨਹੀਂ ਹੋਈ ਕਿ ਸੂਰਜ ਨੇ ਆਪਣੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਉੱਤਰ-ਪੱਛਮੀ ਅਤੇ ਮੱਧ ਭਾਰਤ ਦੇ ਮੈਦਾਨੀ ਇਲਾਕਿਆਂ ’ਚ ਤਾਪਮਾਨ ਜਿਸ ਰਫ਼ਤਾਰ ਨਾਲ ਵਧ ਰਿਹਾ ਹੈ, ਉਸ ਨੇ ਮੌਸਮ ਵਿਗਿਆਨੀਆਂ ਅਤੇ ਆਮ ਜਨਤਾ ਦੋਵਾਂ ਦੀ ਚਿੰਤਾ ਵਧਾ ਦਿੱਤੀ ਹੈ। ਦਿੱਲੀ ਤੋਂ ਲੈ ਕੇ ਬਿਹਾਰ ਤੱਕ, ਫਰਵਰੀ ਦੇ ਆਖਰੀ ਦਿਨਾਂ ’ਚ ਹੀ ਅਜਿਹੀ ਧੁੱਪ ਦੇਖਣ ਨੂੰ ਮਿਲ ਰਹੀ ਹੈ, ਜਿਹੜੀ ਆਮ ਤੌਰ ’ਤੇ ਅਪ੍ਰੈਲ ਦੇ ਮਹੀਨੇ ’ਚ ਹੁੰਦੀ ਹੈ। ਮੌਸਮ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ, ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਸੂਬਿਆਂ ’ਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 3-5̱3 ਜ਼ਿਆਦਾ ਬਣਿਆ ਹੋਇਆ ਹੈ। ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿੱਚ ਪਾਰਾ 35̱3 ਤੋਂ 37̱3 ਦੇ ਵਿਚਕਾਰ ਪਹੁੰਚ ਗਿਆ ਹੈ। ਹਾਲਾਂਕਿ ਅਧਿਕਾਰਤ ਤੌਰ ’ਤੇ ਅਜੇ ’ਹੀਟਵੇਵ’ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਖੁਸ਼ਕ ਉੱਤਰ-ਪੱਛਮੀ ਹਵਾਵਾਂ ਨੇ ਵਾਤਾਵਰਣ ’ਚ ਗਰਮੀ ਘੋਲ ਦਿੱਤੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ’ਚ ਫਰਵਰੀ ਦਾ ਇਹ ਮਹੀਨਾ ਪਿਛਲੇ ਤਿੰਨ ਸਾਲਾਂ ਵਿੱਚ ਸਭ ਤੋਂ ਗਰਮ ਰਿਹਾ ਹੈ। ਸਫਦਰਜੰਗ ’ਚ ਤਾਪਮਾਨ 31̱3 ਤੱਕ ਜਾ ਪਹੁੰਚਿਆ ਹੈ। ਅਨੁਮਾਨ ਹੈ ਕਿ ਮਾਰਚ ਦੇ ਪਹਿਲੇ ਹਫ਼ਤੇ ’ਚ ਹੀ ਦਿੱਲੀ ਦਾ ਪਾਰਾ 35̱3 ਦੀ ਦਹਿਲੀਜ਼ ਪਾਰ ਕਰ ਸਕਦਾ ਹੈ। ਰਾਹਤ ਦੀ ਗੱਲ ਇਹ ਹੈ ਕਿ ਤੇਜ਼ ਹਵਾਵਾਂ ਕਾਰਨ ਪ੍ਰਦੂਸ਼ਣ ਦੇ ਪੱਧਰ ’ਚ ਕਮੀ ਆਈ ਹੈ। ਜਿੱਥੇ ਮੈਦਾਨੀ ਇਲਾਕੇ ਤਪ ਰਹੇ ਹਨ, ਉੱਥੇ ਹੀ ਪਹਾੜਾਂ ’ਤੇ ਮੌਸਮ ਕੁਝ ਮਿਹਰਬਾਨ ਹੋ ਸਕਦਾ ਹੈ। ਵੈਸਟਰਨ ਡਿਸਟਰਬੈਂਸ ਦੇ ਸਰਗਰਮ ਹੋਣ ਕਾਰਨ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ’ਚ ਹਲਕੀ ਬਾਰਿਸ਼ ਅਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਅਗਲੇ ਇਕ ਹਫ਼ਤੇ ’ਚ ਮੱਧ ਭਾਰਤ ’ਚ ਪਾਰਾ 2-4̱3 ਹੋਰ ਚੜ੍ਹਨ ਦੇ ਆਸਾਰ ਹਨ।

## ਖਾੜੀ ਦੇਸ਼ਾਂ ਦੀ ਜੰਗ ਨੇ ਵਧਾਈ ਪੰਜਾਬ ਦੇ ਸਨਅਤਕਾਰਾਂ ਦੀ ਚਿੰਤਾ

ਲੁਧਿਆਣਾ 15 ਮਾਰਚ। ਅਮਰੀਕਾ ਅਤੇ ਇਜ਼ਰਾਈਲ ਦੀ ਫ਼ੌਜੀ ਕਾਰਵਾਈ ਦੇ ਜਵਾਬ ਵਿਚ ਈਰਾਨ ਵੱਲੋਂ ਵੱਖ-ਵੱਖ ਦੇਸ਼ਾਂ ਵਿਚ ਅਮਰੀਕੀ ਫ਼ੌਜੀ ਟਿਕਾਣਿਆਂ ’ਤੇ ਕੀਤੇ ਗਏ ਮਿਜ਼ਾਈਲ ਹਮਲਿਆਂ ਤੋਂ ਬਾਅਦ ਮੱਧ-ਪੂਰਬ ਵਿਚ ਤਣਾਅ ਸਿਖ਼ਰ ’ਤੇ ਪਹੁੰਚ ਗਿਆ ਹੈ। ਇਸ ਜੰਗੀ ਮਾਹੌਲ ਨੇ ਪੰਜਾਬ, ਖ਼ਾਸ ਕਰਕੇ ਸਨਅਤੀ ਸ਼ਹਿਰ ਲੁਧਿਆਣਾ ਦੇ ਉੱਦਮੀਆਂ ਵਿਚ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ ਕਿਉਂਕਿ ਅੰਤਰਰਾਸ਼ਟਰੀ ਵਪਾਰ, ਊਰਜਾ ਸਪਲਾਈ ਅਤੇ ਸਮੁੰਦਰੀ ਮਾਰਗਾਂ ਨੂੰ ਲੈ ਕੇ ਗੰਭੀਰ ਖ਼ਦਸ਼ੇ ਪੈਦਾ ਹੋ ਗਏ ਹਨ। ਖਾੜੀ ਦੇਸ਼ਾਂ ਦੇ ਵਪਾਰ ’ਤੇ ਪੈਣ ਵਾਲੇ ਪ੍ਰਭਾਵ ਦਾ ਸਭ ਤੋਂ ਵੱਧ ਅਸਰ ਛੋਟੇ ਉਦਯੋਗਾਂ ’ਤੇ ਦੇਖਣ ਨੂੰ ਮਿਲ ਸਕਦਾ ਹੈ। ਪੰਜਾਬ ਤੋਂ ਵੱਡੀ ਮਾਤਰਾ ਵਿਚ ਇੰਜੀਨੀਅਰਿੰਗ ਉਤਪਾਦ, ਸਾਈਕਲ ਪਾਰਟਸ, ਮਸ਼ੀਨਰੀ, ਟੈਕਸਟਾਈਲ, ਰੈਡੀਮੇਡ ਗਾਰਮੈਂਟਸ ਅਤੇ ਖੇਡਾਂ ਦਾ ਸਾਮਾਨ ਨਿਰਯਾਤ ਕੀਤਾ ਜਾਂਦਾ ਹੈ। ਨਿਟਵੀਅਰ ਕਲੱਬ ਦੇ ਚੇਅਰਮੈਨ ਵਿਨੋਦ ਥਾਪਰ ਅਨੁਸਾਰ, ਖੇਤਰੀ ਸੰਘਰਸ਼ ਵਧਣ ਨਾਲ ਸਪਲਾਈ ਚੇਨ, ਭੁਗਤਾਨ ਪ੍ਰਣਾਲੀ ਅਤੇ ਨਵੇਂ ਆਰਡਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ। ਸਨਅਤਕਾਰਾਂ ਅਨੁਸਾਰ, ਮੌਜੂਦਾ ਹਾਲਾਤ ਦਾ ਸਭ ਤੋਂ ਪਹਿਲਾ ਅਤੇ ਸਿੱਧਾ ਅਸਰ ਸ਼ਿਪਿੰਗ ਅਤੇ ਬੀਮਾ ਲਾਗਤਾਂ ’ਤੇ ਪਵੇਗਾ। ਭਾਰਤ ਤੋਂ ਯੂਰਪ, ਅਮਰੀਕਾ ਅਤੇ ਖਾੜੀ ਦੇਸ਼ਾਂ ਨੂੰ ਜਾਣ ਵਾਲਾ ਨਿਰਯਾਤ ਫ਼ਾਰਸ ਦੀ ਖਾੜੀ ਅਤੇ ’ਸਟਰੇਟ ਆਫ਼ ਹਾਰਮੁਜ਼’ ਵਰਗੇ ਮਹੱਤਵਪੂਰਨ ਸਮੁੰਦਰੀ ਰਸਤਿਆਂ ਰਾਹੀਂ ਹੁੰਦਾ ਹੈ। ਇਨ੍ਹਾਂ ਮਾਰਗਾਂ ’ਤੇ ਖ਼ਤਰਾ ਵਧਣ ਕਾਰਨ ਸ਼ਿਪਿੰਗ ਕੰਪਨੀਆਂ ’ਜੋਖਮ ਪ੍ਰੀਮੀਅਮ’ ਵਧਾ ਸਕਦੀਆਂ ਹਨ, ਜਿਸ ਨਾਲ ਨਿਰਯਾਤ ਦੀ ਲਾਗਤ ਵਧੇਗੀ ਅਤੇ ਕਈ ਆਰਡਰ ਰੱਦ ਹੋਣ ਦਾ ਵੀ ਡਰ ਹੈ। ਜੇਕਰ ਤਣਾਅ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿਚ ਉਛਾਲ ਆਉਂਦਾ ਹੈ, ਤਾਂ ਇਸ ਨਾਲ ਉਤਪਾਦਨ, ਬਿਜਲੀ ਅਤੇ ਕੱਚੇ ਮਾਲ ਦੀ ਲਾਗਤ ਵਧ ਜਾਵੇਗੀ। ਇਸ ਨਾਲ ਅੰਤਰਰਾਸ਼ਟਰੀ ਬਾਜ਼ਾਰ ਵਿਚ ਭਾਰਤੀ ਉਤਪਾਦਾਂ ਦੀ ਮੁਕਾਬਲੇਬਾਜ਼ੀ ਘਟੇਗੀ ਅਤੇ ਨਿਰਯਾਤ ਵਿਚ ਕਮੀ ਆਉਣ ਦੀ ਸੰਭਾਵਨਾ ਹੈ। ਫੈਡਰੇਸ਼ਨ ਆਫ਼ ਇੰਡੀਅਨ ਐਕਸਪੋਰਟ ਆਰਗੇਨਾਈਜ਼ੇਸ਼ਨ (695®) ਦੇ ਸਾਬਕਾ ਪ੍ਰਧਾਨ ਐਸ.ਸੀ. ਰਲਹਨ ਨੇ ਚੇਤਾਵਨੀ ਦਿੱਤੀ ਹੈ ਕਿ ਹਾਲਾਤ ਲੰਬੇ ਸਮੇਂ ਤੱਕ ਅਜਿਹੇ ਰਹਿਣ ਨਾਲ ਵਿਸ਼ਵਵਿਆਪੀ ਮੰਗ ਕਮਜ਼ੋਰ ਪੈ ਸਕਦੀ ਹੈ ਅਤੇ ਵਪਾਰ ਘਾਟਾ ਵਧ ਸਕਦਾ ਹੈ। ਨਿਰਯਾਤਕਾਂ ਨੇ ਕੇਂਦਰ ਸਰਕਾਰ ਤੋਂ ਤੁਰੰਤ ਦਖ਼ਲਅੰਦਾਜ਼ੀ ਦੀ ਮੰਗ ਕੀਤੀ ਹੈ ਤਾਂ ਜੋ ਮੌਜੂਦਾ ਹਾਲਾਤ ਵਿਚ ਰਸਤੇ ਵਿਚ ਫਸੇ ਮਾਲ ਨੂੰ ਸੁਰੱਖਿਅਤ ਮੰਜ਼ਿਲ ਤੱਕ ਪਹੁੰਚਾਇਆ ਜਾ ਸਕੇ।

## 32 ਦੇਸ਼ਾਂ ਨੇ ਲਿਆ ਇਤਿਹਾਸਕ ਫੈਸਲਾ, ਹੁਣ ਕੱਚੇ ਤੇਲ ਦੀਆਂ ਕੀਮਤਾਂ ’ਚ ਆਵੇਗੀ ਗਿਰਾਵਟ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 15 ਮਾਰਚ। ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਅਤੇ ਕੱਚੇ ਤੇਲ ਦੀ ਸਪਲਾਈ ’ਤੇ ਪੈ ਰਹੇ ਅਸਰ ਦੇ ਵਿਚਕਾਰ ਇੰਟਰਨੈਸ਼ਨਲ ਐਨਰਜੀ ਏਜੰਸੀ (951) ਨੇ ਇੱਕ ਬਹੁਤ ਵੱਡਾ ਫੈਸਲਾ ਲਿਆ ਹੈ। ਏਜੰਸੀ ਦੇ 32 ਮੈਂਬਰ ਦੇਸ਼ਾਂ ਨੇ ਮਿਲ ਕੇ 400 ਮਿਲੀਅਨ ਬੈਰਲ ਕੱਚਾ ਤੇਲ ਬਾਜ਼ਾਰ ਵਿੱਚ ਰਿਲੀਜ਼ ਕਰਨ ’ਤੇ ਸਹਿਮਤੀ ਜਤਾਈ ਹੈ। ਇਹ ਆਈ.ਈ.ਏ. ਦੇ ਇਤਿਹਾਸ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਤੇਲ ਰਿਲੀਜ਼ ਮੰਨੀ ਜਾ ਰਹੀ ਹੈ, ਜਿਸ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਮੀ ਆਉਣ ਦੀ ਉਮੀਦ ਹੈ। ਪੈਰਿਸ ਸਥਿਤ ਆਈ.ਈ.ਏ. ਦੇ ਮੁੱਖ ਦਫਤਰ ਵਿੱਚ ਹੋਈ ਬੈਠਕ ਦੌਰਾਨ ਇਸ ਪ੍ਰਸਤਾਵ ’ਤੇ ਬੁੱਧਵਾਰ ਨੂੰ ਵੋਟਿੰਗ ਹੋਈ। ਰਿਪੋਰਟਾਂ ਮੁਤਾਬਕ, ਸਾਰੇ 32 ਦੇਸ਼ਾਂ ਨੇ ਸਰਬਸੰਮਤੀ ਨਾਲ ਇਸ ਦਾ ਸਮਰਥਨ ਕੀਤਾ। ਜੇਕਰ ਕੋਈ ਇੱਕ ਦੇਸ਼ ਵੀ ਵੀਟੋ ਕਰ ਦਿੰਦਾ, ਤਾਂ ਇਹ ਪ੍ਰਸਤਾਵ ਪਾਸ ਨਹੀਂ ਹੋਣਾ ਸੀ। ਇਸ ਮੁਹਿੰਮ ਵਿੱਚ ਅਮਰੀਕਾ ਅਤੇ ਜਾਪਾਨ ਦਾ ਯੋਗਦਾਨ ਸਭ ਤੋਂ ਵੱਧ ਰਹੇਗਾ, ਜਦੋਂ ਕਿ ਜਰਮਨੀ ਸਮੇਤ ਕਈ ਯੂਰਪੀ ਦੇਸ਼ਾਂ ਨੇ ਵੀ ਆਪਣੀ ਭਾਗੀਦਾਰੀ ਦੀ ਪੁਸ਼ਟੀ ਕੀਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਤੇਲ ਜਲਦੀ ਬਾਜ਼ਾਰ ਵਿੱਚ ਉਤਾਰਿਆ ਜਾਂਦਾ ਹੈ, ਤਾਂ ਲੋਕਾਂ ਨੂੰ ਤੇਲ ਦੀਆਂ ਵਧਦੀਆਂ ਕੀਮਤਾਂ ਤੋਂ ਵੱਡੀ ਰਾਹਤ ਮਿਲ ਸਕਦੀ ਹੈ। ਹਾਲ ਹੀ ਵਿੱਚ ਕੱਚੇ ਤੇਲ ਦੀ ਕੀਮਤ 120 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਸੀ, ਜੋ ਕਿ ਪਿਛਲੇ ਚਾਰ ਸਾਲਾਂ ਦਾ ਸਭ ਤੋਂ ਉੱਚਾ ਪੱਧਰ ਹੈ। ਏਜੰਸੀ ਦੀ ਯੋਜਨਾ ਅਨੁਸਾਰ, ਇੱਕ ਮਹੀਨੇ ਵਿੱਚ ਲਗਭਗ 100 ਮਿਲੀਅਨ ਬੈਰਲ ਤੇਲ ਬਾਜ਼ਾਰ ਵਿੱਚ ਉਤਾਰਿਆ ਜਾਵੇਗਾ, ਜਿਸਦਾ ਮਤਲਬ ਹੈ ਕਿ ਰੋਜ਼ਾਨਾ ਕਰੀਬ 3.3 ਮਿਲੀਅਨ ਬੈਰਲ ਤੇਲ ਜਾਰੀ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਸਾਲ 2022 ਵਿੱਚ ਰੂਸ-ਯੂਕਰੇਨ ਯੁੱਧ ਦੌਰਾਨ ਆਈ.ਈ.ਏ. ਨੇ ਲਗਭਗ 182 ਮਿਲੀਅਨ ਬੈਰਲ ਤੇਲ ਜਾਰੀ ਕੀਤਾ ਸੀ। ਮੌਜੂਦਾ ਸਮੇਂ ਵਿੱਚ ਮੈਂਬਰ ਦੇਸ਼ਾਂ ਕੋਲ ਲਗਭਗ 1.2 ਅਰਬ ਬੈਰਲ ਕੱਚੇ ਤੇਲ ਦਾ ਰਣਨੀਤਕ ਭੰਡਾਰ ਮੌਜੂਦ ਹੈ। ਫਿਲਹਾਲ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਜਾਰੀ ਹੈ। ਬ੍ਰੈਂਟ ਕਰੂਡ ਲਗਭਗ 91.82 ਡਾਲਰ ਪ੍ਰਤੀ ਬੈਰਲ ਅਤੇ ਡਬਲਯੂ.ਟੀ.ਆਈ. 87.40 ਡਾਲਰ ਪ੍ਰਤੀ ਬੈਰਲ ’ਤੇ ਕਾਰੋਬਾਰ ਕਰ ਰਿਹਾ ਹੈ।




## ਕਿਡਨੀ ਫੇਲ੍ਹ ਹੋਣ ਵਾਲੇ ਮਰੀਜ਼ਾਂ ਲਈ ਨਵੀਂ ਉਮੀਦ: ਭਾਰਤ ’ਚ ਪਹਿਲੀ ਵਾਰ ਹੋਇਆ ਸਫਲ ’ਡਿਊਲ ਕਿਡਨੀ ਟਰਾਂਸਪਲਾਂਟ’

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 15 ਮਾਰਚ। ਦੇਸ਼ ’ਚ ਕਿਡਨੀ ਦੀ ਬਿਮਾਰੀ ਨਾਲ ਜੂਝ ਰਹੇ ਲੱਖਾਂ ਮਰੀਜ਼ਾਂ ਲਈ ਇਕ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਦਿੱਲੀ ਦੇ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਰੀ ਸਾਇੰਸਜ਼ ਦੇ ਡਾਕਟਰਾਂ ਨੇ ਸਾਲ 2024 ’ਚ ਇਕ ਵੱਡੀ ਮੈਡੀਕਲ ਪ੍ਰਾਪਤੀ ਹਾਸਲ ਕਰਦਿਆਂ ਇਕ ਮ੍ਰਿਤਕ ਡੋਨਰ ਦੀਆਂ ਦੋਵੇਂ ਕਿਡਨੀਆਂ ਇਕੋ ਮਰੀਜ਼ ਵਿਚ ਸਫਲਤਾਪੂਰਵਕ ਟ?ਰਾਂਸਪਲਾਂਟ ਕੀਤੀਆਂ ਹਨ। ਇਸ ਤਕਨੀਕ ਨੂੰ ’ਐਨ-ਬਲਾਕ ਡਿਊਲ ਕਿਡਨੀ ਟ?ਰਾਂਸਪਲਾਂਟ’ ਕਿਹਾ ਜਾਂਦਾ ਹੈ, ਜੋ ਕਿਡਨੀ ਡੋਨਰਾਂ ਦੀ ਭਾਰੀ ਕਮੀ ਦੇ ਦੌਰ ’ਚ ਇਕ ਕ੍ਰਾਂਤੀਕਾਰੀ ਹੱਲ ਮੰਨਿਆ ਜਾ ਰਿਹਾ ਹੈ। ਇਕ ਮਾਹਿਰ ਡਾਕਟਰ ਅਨੁਸਾਰ, ਭਾਰਤ ’ਚ ਕਿਸੇ ਬਾਲਗ ਮਰੀਜ਼ ’ਤੇ ਕੀਤਾ ਗਿਆ ਇਹ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ। ਹਾਲਾਂਕਿ ਇਹ ਤਕਨੀਕ ਬੱਚਿਆਂ ’ਚ ਵਰਤੀ ਜਾਂਦੀ ਰਹੀ ਹੈ, ਪਰ ਬਾਲਗਾਂ ’ਚ ਇਸਦਾ ਸਫਲ ਪ੍ਰਯੋਗ ਭਾਰਤ ਲਈ ਇਕ ਵੱਡਾ ਮੀਲ ਪੱਥਰ ਹੈ। ਅਮਰੀਕਾ ਵਰਗੇ ਵਿਕਸਤ ਦੇਸ਼ਾਂ ’ਚ ਵੀ ਅਜਿਹੇ ਬਹੁਤ ਘੱਟ ਮਾਮਲੇ ਦਰਜ ਕੀਤੇ ਗਏ ਹਨ। ਮਾਹਿਰਾਂ ਅਨੁਸਾਰ, ਇਹ ਤਕਨੀਕ ਉਦੋਂ ਬਹੁਤ ਲਾਭਦਾਇਕ ਹੁੰਦੀ ਹੈ ਜਦੋਂ ਡੋਨਰ ਦੀ ਕਿਡਨੀ ਦਾ ਆਕਾਰ ਛੋਟਾ ਹੋਵੇ ਜਾਂ ਇਕ ਕਿਡਨੀ ਮਰੀਜ਼ ਦੇ ਸਰੀਰ ਲਈ ਲੋੜੀਂਦੀ ਕਾਰਜਕੁਸ਼ਲਤਾ ਦੇਣ ਦੇ ਯੋਗ ਨਾ ਹੋਵੇ। ਕਈ ਵਾਰ ਜੇਕਰ ਮ੍ਰਿਤਕ ਡੋਨਰ ਨੂੰ ਸ਼ੂਗਰ (ਡਾਇਬੀਟੀਜ਼) ਜਾਂ ਕੋਈ ਹੋਰ ਬਿਮਾਰੀ ਰਹੀ ਹੋਵੇ, ਤਾਂ ਉਸਦੀ ਇੱਕ ਕਿਡਨੀ ਇਕੱਲੀ ਕੰਮ ਨਹੀਂ ਕਰ ਸਕਦੀ। ਅਜਿਹੀ ਸਥਿਤੀ ’ਚ, ਦੋਵੇਂ ਕਿਡਨੀਆਂ ਨੂੰ ਇਕੱਠੇ ਟ?ਰਾਂਸਪਲਾਂਟ ਕਰਕੇ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ। ਹਾਲ ਹੀ ’ਚ ਇਕ ਮਰੀਜ਼, ਜੋ ਪਿਛਲੇ ਪੰਜ ਸਾਲਾਂ ਤੋਂ ਕਿਡਨੀ ਫੇਲ੍ਹ ਹੋਣ ਕਾਰਨ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਿਹਾ ਸੀ, ਨੂੰ ਇਸੇ ਤਕਨੀਕ ਰਾਹੀਂ ਨਵੀਂ ਜ਼ਿੰਦਗੀ ਮਿਲੀ ਹੈ। ਵਿਸ਼ਵ ਕਿਡਨੀ ਦਿਵਸ ’ਤੇ ਸਾਹਮਣੇ ਆਏ ਅੰਕੜੇ ਡਰਾਉਣੇ ਹਨ। ਭਾਰਤ ’ਚ ਹਰ ਸਾਲ ਲਗਭਗ ਇਕ ਲੱਖ ਮਰੀਜ਼ਾਂ ਨੂੰ ਕਿਡਨੀ ਟ?ਰਾਂਸਪਲਾਂਟ ਦੀ ਲੋੜ ਹੁੰਦੀ ਹੈ, ਪਰ ਸਿਰਫ 35,000 ਨੂੰ ਹੀ ਕਿਡਨੀ ਮਿਲ ਪਾਉਂਦੀ ਹੈ। ਦਿੱਲੀ ਵਰਗੇ ਸ਼ਹਿਰ ’ਚ ਹਾਲਾਤ ਹੋਰ ਵੀ ਗੰਭੀਰ ਹਨ, ਜਿੱਥੇ 100 ’ਚੋਂ ਸਿਰਫ ਦੋ ਮਰੀਜ਼ਾਂ ਨੂੰ ਹੀ ਮ੍ਰਿਤਕ ਡੋਨਰ ਦੀ ਕਿਡਨੀ ਮਿਲਦੀ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਜੀਵਿਤ ਡੋਨਰ ਨਾਲ ਜੁੜੇ ਕਾਨੂੰਨੀ ਅਤੇ ਆਰਥਿਕ ਕਾਰਨਾਂ ਕਰਕੇ ਮਰੀਜ਼ਾਂ ਨੂੰ ਕਾਫੀ ਮੁਸ਼ਕਲਾਂ ਆਉਂਦੀਆਂ ਹਨ। ਅਜਿਹੇ ’ਚ ਮ੍ਰਿਤਕ ਅੰਗਦਾਨ (ਕੈਡਵੈਰਿਕ ਡੋਨੇਸ਼ਨ) ਹੀ ਸਭ ਤੋਂ ਵੱਡਾ ਸਹਾਰਾ ਹੈ। ਪਰ ਜਾਗਰੂਕਤਾ ਦੀ ਕਮੀ ਕਾਰਨ ਅਜੇ ਵੀ ਬਹੁਤ ਘੱਟ ਲੋਕ ਮੌਤ ਤੋਂ ਬਾਅਦ ਅੰਗਦਾਨ ਲਈ ਅੱਗੇ ਆਉਂਦੇ ਹਨ। ਡਾਕਟਰਾਂ ਨੇ ਅਪੀਲ ਕੀਤੀ ਹੈ ਕਿ ਇਸ ਸੰਕਟ ਨਾਲ ਨਜਿੱਠਣ ਲਈ ਸਮਾਜ ’ਚ ਅੰਗਦਾਨ ਪ੍ਰਤੀ ਜਾਗਰੂਕਤਾ ਫੈਲਾਉਣਾ ਬੇਹੱਦ ਜ਼ਰੂਰੀ ਹੈ।



## ਗਾਜ਼ੀਆਬਾਦ ਦੇ ਹਸਪਤਾਲ ’ਚ ਵੱਡੀ ਲਾਪਰਵਾਹੀ: ਨਰਸ ਨੇ 9 ਮਹੀਨਿਆਂ ਦੀ ਮਾਸੂਮ ਦੀ ਵੱਢੀ ਉਂਗਲ

ਨੈਸ਼ਨਲ ਡੈਸਕ 15 ਮਾਰਚ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲ੍ਹੇ ਦੇ ਕਵਿਨਗਰ ਇਲਾਕੇ ਵਿੱਚ ਸਥਿਤ ਇੱਕ ਨਿੱਜੀ ਹਸਪਤਾਲ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਸਟਾਫ ਨਰਸ ਦੀ ਗਲਤੀ ਕਾਰਨ ਇੱਕ 9 ਮਹੀਨਿਆਂ ਦੀ ਮਾਸੂਮ ਬੱਚੀ ਦੀ ਉਂਗਲ ਦਾ ਹਿੱਸਾ ਕੱਟ ਦਿੱਤਾ ਗਿਆ। ਪੁਲਸ ਨੇ ਇਸ ਸਬੰਧੀ ਹਸਪਤਾਲ ਪ੍ਰਬੰਧਕਾਂ ਅਤੇ ਸਬੰਧਤ ਨਰਸ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਰਿਪੋਰਟ ਅਨੁਸਾਰ ਅੰਕੁਸ਼ ਤਿਆਗੀ ਨਾਮਕ ਵਿਅਕਤੀ ਨੇ 24 ਫਰਵਰੀ ਨੂੰ ਆਪਣੀ ਧੀ ’ਸ਼੍ਰੀ’ ਨੂੰ ਇਲਾਜ ਲਈ ਸਰਵੋਦਿਆ ਹਸਪਤਾਲ ਵਿੱਚ ਭਰਤੀ ਕਰਵਾਇਆ ਸੀ। 27 ਫਰਵਰੀ ਨੂੰ ਜਦੋਂ ਬੱਚੀ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਵਾਲੀ ਸੀ, ਤਾਂ ਇੱਕ ਸਟਾਫ ਨਰਸ ਬੱਚੀ ਦੇ ਹੱਥ ਵਿੱਚ ਲੱਗਿਆ ਕੈਨੂਲਾ (ਦਵਾਈ ਦੇਣ ਵਾਲੀ ਟਿਊਬ) ਕੱਢਣ ਲਈ ਆਈ। ਸ਼ਿਕਾਇਤਕਰਤਾ ਅਨੁਸਾਰ, ਨਰਸ ਨੇ ਕੈਨੂਲਾ ਨੂੰ ਚਿਪਕਾਉਣ ਵਾਲੀ ਸਰਜੀਕਲ ਟੇਪ ਨੂੰ ਕੱਟਣ ਲਈ ਕੈਂਚੀ ਦੀ ਵਰਤੋਂ ਕੀਤੀ ਅਤੇ ਇਸ ਦੌਰਾਨ ਲਾਪਰਵਾਹੀ ਨਾਲ ਬੱਚੀ ਦੀ ਛੋਟੀ ਉਂਗਲ ਦਾ ਇੱਕ ਹਿੱਸਾ ਵੱਢ ਦਿੱਤਾ, ਜੋ ਜ਼ਮੀਨ ’ਤੇ ਜਾ ਡਿੱਗਿਆ। ਇਸ ਦਰਦਨਾਕ ਘਟਨਾ ਤੋਂ ਬਾਅਦ 28 ਫਰਵਰੀ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਸਹਾਇਕ ਪੁਲਿਸ ਕਮਿਸ਼ਨਰ ਸੂਰਿਆਬਲੀ ਮੌਰਿਆ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਰਿਪੋਰਟ ਦੀ ਇੱਕ ਕਾਪੀ ਪ੍ਰਬੰਧਕੀ ਨਿਗਰਾਨੀ ਲਈ ਇੰਡੀਅਨ ਮੈਡੀਕਲ ਕੌਂਸਲ ਨੂੰ ਵੀ ਭੇਜੀ ਜਾਵੇਗੀ। ਹਾਲਾਂਕਿ, ਇਸ ਮਾਮਲੇ ਵਿੱਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਦੂਜੇ ਪਾਸੇ, ਹਸਪਤਾਲ ਦੇ ਪ੍ਰਸ਼ਾਸਨਿਕ ਅਧਿਕਾਰੀ ਡਾ. ਨੀਰਜ ਗਰਗ ਨੇ ਮੰਨਿਆ ਕਿ ਬੱਚੀ ਦੀ ਉਂਗਲ ਦਾ ਸਿਰਾ ਕੱਟਿਆ ਗਿਆ ਸੀ, ਪਰ ਉਨ੍ਹਾਂ ਦਾਅਵਾ ਕੀਤਾ ਕਿ ਪਰਿਵਾਰ ਹੁਣ ਇਲਾਜ ਤੋਂ ਸੰਤੁਸ਼ਟ ਹੈ ਅਤੇ ਸੰਕੇਤ ਦਿੱਤਾ ਹੈ ਕਿ ਉਹ ਆਪਣਾ ਕੇਸ ਵਾਪਸ ਲੈ ਸਕਦੇ ਹਨ। ਪਰਿਵਾਰ ਨੇ ਪੁਲਸ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਹਸਪਤਾਲ ਦੇ ਮਾਪਦੰਡਾਂ ਦੀ ਜਾਂਚ ਕੀਤੀ ਜਾਵੇ ਕਿ ਕੀ ਇਹ ਨਿਯਮਾਂ ਅਨੁਸਾਰ ਚੱਲ ਰਿਹਾ ਹੈ ਜਾਂ ਨਹੀਂ।

## ਦਿਓਰ ਨੇ ਭਰਜਾਈ ਨਾਲ ਟੱਪੀਆਂ ਸਾਰੀਆਂ ਹੱਦਾਂ, 3 ਮਹੀਨਿਆਂ ਦੀ ਹੋ ਗਈ ਗਰਭਵਤੀ

**ਏਜੰਸੀਆਂ**

ਅਬੋਹਰ 15 ਮਾਰਚ। ਫਾਜ਼ਿਲਕਾ ਜ਼ਿਲ੍ਹੇ ਦੀ ਇਕ ਵਿਆਹੁਤਾ ਔਰਤ ਨੇ ਆਪਣੇ ਦਿਓਰ ਜੋ ਕਿ ਪੰਜਪੀਰ ਨਗਰ ਦਾ ਰਹਿਣ ਵਾਲਾ ਹੈ, ’ਤੇ ਦੋਸ਼ ਲਾਇਆ ਹੈ ਕਿ ਉਸ ਨੇ ਉਸ ਨੂੰ ਜ਼ਬਰਦਸਤੀ ਆਪਣੇ ਘਰ ’ਚ ਬੰਧਕ ਬਣਾ ਕੇ ਰੱਖਿਆ ਅਤੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਇਸ ਕਾਰਨ ਉਹ ਤਿੰਨ ਮਹੀਨਿਆਂ ਦੀ ਗਰਭਵਤੀ ਹੋ ਗਈ। ਪੀੜਤਾ ਨੂੰ ਡਾਕਟਰੀ ਜਾਂਚ ਲਈ ਸਰਕਾਰੀ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ। ਸਿਟੀ ਥਾਣਾ ਨੰਬਰ-1 ਦੀ ਪੁਲਸ ਉਸ ਦਾ ਬਿਆਨ ਦਰਜ ਕਰ ਰਹੀ ਹੈ। 21 ਸਾਲਾ ਪੀੜਤਾ ਜੋ ਕਿ ਇਲਾਜ ਅਧੀਨ ਹੈ, ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ ਤਿੰਨ ਸਾਲ ਪਹਿਲਾਂ ਹੋਇਆ ਸੀ ਅਤੇ ਉਸ ਨੇ ਇਕ ਧੀ ਨੂੰ ਜਨਮ ਦਿੱਤਾ ਸੀ। ਪੀੜਤਾ ਨੇ ਦੱਸਿਆ ਕਿ ਉਸ ਦਾ ਪਤੀ ਕੁੱਝ ਮਹੀਨਿਆਂ ਤੋਂ ਸ਼?ਰੀ ਗੰਗਾਨਗਰ ’ਚ ਕੰਮ ਕਰ ਰਿਹਾ ਸੀ ਅਤੇ ਹਾਲ ਹੀ ’ਚ ਉਸ ਦੇ ਚਾਚੇ ਸਹੁਰੇ ਦਾ ਪੁੱਤਰ ਜੋ ਕਿ ਪੰਜਪੀਰ ਨਗਰ ’ਚ ਰਹਿੰਦਾ ਹੈ, ਉਸ ਨੂੰ ਸਰ੍ਹੋਂ ਦੀ ਕਟਾਈ ਦੇ ਕੰਮ ਦੇ ਬਹਾਨੇ ਅਬੋਹਰ ਲੈ ਆਇਆ। ਪੀੜਤਾ ਨੇ ਦੱਸਿਆ ਕਿ ਅਬੋਹਰ ਪਹੁੰਚਣ ਤੋਂ ਬਾਅਦ ਉਸ ਦੇ ਦਿਓਰ ਨੇ ਉਸ ਨੂੰ ਆਪਣੇ ਘਰ ’ਚ ਬੰਧਕ ਬਣਾ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ, ਜਿਸ ਕਾਰਨ ਉਹ ਗਰਭਵਤੀ ਹੋ ਗਈ ਪੀੜਤਾ ਨੇ ਦੋਸ਼ ਲਾਇਆ ਕਿ ਕਰੀਬ ਤਿੰਨ ਮਹੀਨਿਆਂ ਤੋਂ ਉਸ ਦੇ ਦਿਓਰ ਨੇ ਉਸ ਨੂੰ ਕੋਈ ਫੋਨ ਨਹੀਂ ਦਿੱਤਾ, ਜਿਸ ਕਾਰਨ ਉਹ ਆਪਣੇ ਪਰਿਵਾਰ ਨਾਲ ਸੰਪਰਕ ਨਾ ਕਰ ਸਕੀ। ਜਿਵੇਂ ਹੀ ਉਸ ਨੂੰ ਮੌਕਾ ਮਿਲਿਆ, ਉਸ ਨੇ ਆਪਣੇ ਪਰਿਵਾਰ ਨੂੰ ਸੂਚਿਤ ਕੀਤਾ, ਜਿਸ ਦੀ ਮਦਦ ਨਾਲ ਉਹ ਉਸ ਦੇ ਚੁੰਗਲ ਤੋਂ ਬਚੀ ਅਤੇ ਹਸਪਤਾਲ ’ਚ ਦਾਖ਼ਲ ਹੋਣ ’ਚ ਕਾਮਯਾਬ ਹੋ ਗਈ। ਹਸਪਤਾਲ ’ਚ ਡਾ. ਜਸਲੀਨ ਕੌਰ ਵੱਲੋਂ ਪੀੜਤਾ ਦੀ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਉਸ ਦਾ ਅਲਟਰਾਸਾਊਂਡ ਕਰਵਾਇਆ ਜਾਵੇਗਾ। ਸਬੰਧਿਤ ਪੁਲਸ ਸਟੇਸ਼ਨ ਦੀ ਪੁਲਸ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਨੇ ਕਿਹਾ ਕਿ ਔਰਤ ਦਾ ਡਾਕਟਰੀ ਮੁਆਇਨਾ ਕਰਵਾਇਆ ਗਿਆ ਹੈ ਅਤੇ ਉਸ ਦੇ ਦੋਸ਼ਾਂ ਦੇ ਆਧਾਰ ’ਤੇ ਅਤੇ ਮੈਡੀਕਲ ਰਿਪੋਰਟ ਮਿਲਣ ’ਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਦੇ ਦਿਓਰ ਖ਼?ਲਾਫ਼ ਕੇਸ ਦਰਜ ਕੀਤਾ ਜਾਵੇਗਾ।

## ਕਸ਼ਮੀਰ ’ਚ ਭਾਰੀ ਬਰ.ਫਬਾਰੀ ਕਾਰਨ ਹਾਲਾਤ ਗੰਭੀਰ: ਸ੍ਰੀਨਗਰ-ਲੇਹ ਹਾਈਵੇਅ ਚੌਥੇ ਦਿਨ ਵੀ ਬੰਦ, ਸੈਂਕੜੇ ਵਾਹਨ ਫਸੇ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 15 ਮਾਰਚ। ਕਸ਼ਮੀਰ ਦੇ ਉਪਰਲੇ ਇਲਾਕਿਆਂ ਵਿੱਚ ਹੋ ਰਹੀ ਲਗਾਤਾਰ ਬਰਫ਼ਬਾਰੀ ਨੇ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ। ਸ਼ੁੱਕਰਵਾਰ, 15 ਮਾਰਚ ਨੂੰ ਰਣਨੀਤਕ ਤੌਰ ’ਤੇ ਅਹਿਮ ਸ੍ਰੀਨਗਰ-ਲੇਹ ਹਾਈਵੇਅ ਲਗਾਤਾਰ ਚੌਥੇ ਦਿਨ ਵੀ ਬੰਦ ਰਿਹਾ, ਜਿਸ ਕਾਰਨ ਦਰਾਸ ਅਤੇ ਸੋਨਮਰਗ ਇਲਾਕਿਆਂ ਵਿੱਚ ਸੈਂਕੜੇ ਵਾਹਨ ਫਸ ਗਏ ਹਨ। ਅਧਿਕਾਰੀਆਂ ਅਨੁਸਾਰ ਜ਼ੋਜੀਲਾ ਦਰੇ ’ਤੇ ਭਾਰੀ ਬਰਫ਼ਬਾਰੀ ਕਾਰਨ ਵਾਹਨਾਂ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੈ। ਖ਼ਾਸਕਰ ਗੁਮਰੀ ਸੈਕਟਰ ਵਿੱਚ ਲਗਭਗ ਡੇਢ ਫੁੱਟ ਤਾਜ਼ਾ ਬਰਫ਼ਬਾਰੀ ਦਰਜ ਕੀਤੀ ਗਈ ਹੈ, ਜਿਸ ਕਾਰਨ ਸੜਕ ’ਤੇ ਫਿਸਲਣ ਵਧ ਗਈ ਹੈ ਅਤੇ ਹਾਲਾਤ ਖ਼ਤਰਨਾਕ ਬਣ ਗਏ ਹਨ,। ਹਾਈਵੇਅ ਦੇ ਦੋਵੇਂ ਪਾਸੇ ਵੱਡੀ ਗਿਣਤੀ ਵਿੱਚ ਟਰੱਕ ਅਤੇ ਯਾਤਰੀ ਵਾਹਨ ਰੁਕੇ ਹੋਏ ਹਨ, ਜਿਸ ਕਾਰਨ ਮੁਸਾਫਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਈਵੇਅ ਦੀ ਦੇਖਭਾਲ ਲਈ ਜ਼ਿੰਮੇਵਾਰ ਸੀਮਾ ਸੜਕ ਸੰਗਠਨ ਅਤੇ ਪ੍ਰੋਜੈਕਟ ਵਿਜਯਕ ਵੱਲੋਂ ਬਰਫ਼ ਹਟਾਉਣ ਦਾ ਕੰਮ ਜੰਗੀ ਪੱਧਰ ’ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਮੌਸਮ ਵਿੱਚ ਸੁਧਾਰ ਹੋਣ ਤੋਂ ਬਾਅਦ ਸਨੋ ਕਟਰ ਅਤੇ ਹੋਰ ਭਾਰੀ ਮਸ਼ੀਨਰੀ ਤਾਇਨਾਤ ਕੀਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਨੀਮਥਾ ਇਲਾਕੇ ਤੋਂ ਲੈ ਕੇ ਜ਼ੋਜੀਲਾ ਦਰੇ ਤੱਕ ਬਰਫ਼ ਸਾਫ਼ ਕਰ ਦਿੱਤੀ ਗਈ ਹੈ ਅਤੇ ਬਾਕੀ ਹਿੱਸਿਆਂ ਵਿੱਚ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਹਾਈਵੇਅ ਲੱਦਾਖ ਖੇਤਰ ਲਈ ਇੱਕ ਜੀਵਨ ਰੇਖਾ ਵਜੋਂ ਕੰਮ ਕਰਦਾ ਹੈ ਕਿਉਂਕਿ ਇਹ ਜ਼ਰੂਰੀ ਵਸਤਾਂ, ਬਾਲਣ ਅਤੇ ਹੋਰ ਸਾਮਾਨ ਦੀ ਸਪਲਾਈ ਲਈ ਮੁੱਖ ਰਸਤਾ ਹੈ। ਹਾਲਾਂਕਿ ਮਾਰਚ ਦੇ ਸ਼ੁਰੂਆਤੀ ਦਿਨਾਂ ਵਿੱਚ ਹਾਈਵੇਅ ਚਾਲੂ ਰਿਹਾ ਸੀ, ਪਰ ਪਿਛਲੇ ਤਿੰਨ ਦਿਨਾਂ ਤੋਂ ਮੈਦਾਨੀ ਇਲਾਕਿਆਂ ਵਿੱਚ ਮੀਂਹ ਅਤੇ ਪਹਾੜਾਂ ’ਤੇ ਬਰਫ਼ਬਾਰੀ ਕਾਰਨ ਸਥਿਤੀ ਵਿਗੜ ਗਈ ਹੈ। ਪ੍ਰਸ਼ਾਸਨ ਨੇ ਬਰਫ਼ਬਾਰੀ ਵਾਲੇ ਇਲਾਕਿਆਂ ਵਿੱਚ ਐਵਲਾਂਚ (ਬਰਫ਼ੀਲੇ ਤੂਫ਼ਾਨ) ਦੀ ਚੇਤਾਵਨੀ ਜਾਰੀ ਕੀਤੀ ਹੈ,। ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਲਈ ’ਯੈਲੋ ਅਲਰਟ’ ਜਾਰੀ ਕਰਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ 15 ਮਾਰਚ ਨੂੰ ਜੰਮੂ-ਕਸ਼ਮੀਰ ਵਿੱਚ ਛੁੱਟੀ ਦਾ ਵੀ ਐਲਾਨ ਕੀਤਾ ਗਿਆ ਸੀ।



## ਚੌਲਾਂਗ ਟੋਲ ਪਲਾਜ਼ਾ ’ਤੇ ਵਾਪਰੇ ਸੜਕ ਹਾਦਸੇ ’ਚ ਇਕ ਵਿਅਕਤੀ ਦੀ ਮੌਤ

ਟਾਂਡਾ ਉੜਮੁੜ 15 ਮਾਰਚ। ਜਲੰਧਰ-ਪਠਾਨਕੋਟ ਰਾਸ਼ਟਰੀ ਮਾਰਗ ’ਤੇ ਬੀਤੀ ਰਾਤ ਚੌਲਾਂਗ ਟੋਲ ਪਲਾਜ਼ਾ ਨੇੜੇ ਹੋਏ ਇਕ ਸੜਕ ਹਾਦਸੇ ’ਚ ਟਰੱਕ ’ਚ ਸਵਾਰ ਇਕ ਵਿਅਕਤੀ ਦੀ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰਨ ਕਾਰਨ ਮੌਤ ਹੋ ਗਈ। ਸੜਕ ਹਾਦਸੇ ਸਬੰਧੀ ਸੂਚਨਾ ਮਿਲਣ ਉਪਰੰਤ ਸੁਰੱਖਿਆ ਫੋਰਸ ਦੀ ਟੀਮ ਨੇ ਤੁਰੰਤ ਹੀ ਮੌਕੇ ’ਤੇ ਪਹੁੰਚ ਕੇ ਇਸ ਹਾਦਸੇ ’ਚ ਜ਼ਖ਼ਮੀ ਹੋਏ ਜਰਨੈਲ ਸਿੰਘ ਪੁੱਤਰ ਸੰਸਾਰ ਸਿੰਘ ਨੂੰ ਸਰਕਾਰੀ ਹਸਪਤਾਲ ਟਾਂਡਾ ਦਾਖ਼ਲ ਕਰਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸੜਕ ਹਾਦਸੇ ਸਬੰਧੀ ਹੋਰ ਜਾਂਚ ਕੀਤੀ ਜਾ ਰਹੀ ਹੈ।